TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਬੁੱਧਵਾਰ, 30 ਜੁਲਾਈ, 2025
Email : lokbani08@gmail.com

ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ

ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 ਸਾਲ : 16 ਅੰਕ: 345 ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜ਼ਰੂਰ ਚੈਕ ਕਰੋ ਫਿਰ ਅਪਲਾਈ ਕਰੋ

## ਬਿਹਾਰ ਵੋਟਰ ਸੂਚੀਆਂ ਦੀ ਵਿਸ਼ੇਸ਼ ਪੜਤਾਲ 'ਚ ਵੱਡੀ ਕੱਟ-ਵੱਢ ਹੋਈ ਤਾਂ ਦਖਲ ਦੇਵਾਂਗੇ: ਸੁਪਰੀਮ ਕੋਰਟ

### ਪਟੀਸ਼ਨਾਂ ਦੇ ਬੈਚ 'ਤੇ ਵਿਚਾਰ ਕਰਨ ਲਈ ਇੱਕ ਸਮਾਂ-ਸੀਮਾ ਤੈਅ ਕੀਤੀ

ਨਵੀਂ ਦਿੱਲੀ (ਲੋਕ ਬਾਣੀ)-ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਚੋਣ ਕਮਿਸ਼ਨ (EC) ਇੱਕ ਸੰਵਿਧਾਨਕ ਅਥਾਰਟੀ ਹੈ ਅਤੇ ਇਸ ਨੂੰ ਕਾਨੂੰਨ ਅਨੁਸਾਰ ਕੰਮ ਕਰਨਾ ਚਾਹੀਦਾ ਹੈ, ਪਰ ਜੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ (SIR) ਵਿੱਚ ਵੱਡੇ ਪੱਧਰ 'ਤੇ ਕੱਟ-ਵੱਢ ਹੁੰਦੀ ਹੈ ਤਾਂ ਅਦਾਲਤ ਦਖਲ ਦੇਵੇਗੀ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਬਿਹਾਰ ਵਿੱਚ ਚੋਣ ਕਮਿਸ਼ਨ ਦੀ SIR ਕਾਰਵਾਈ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦੇ ਬੈਚ 'ਤੇ ਵਿਚਾਰ ਕਰਨ ਲਈ ਇੱਕ ਸਮਾਂ-ਸੀਮਾ ਤੈਅ ਕੀਤੀ ਅਤੇ ਕਿਹਾ ਕਿ ਇਸ ਮੁੱਦੇ 'ਤੇ ਸੁਣਵਾਈ 12 ਅਤੇ 13 ਅਗਸਤ ਨੂੰ ਹੋਵੇਗੀ। ਪਟੀਸ਼ਨਕਰਤਾਵਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਅਤੇ ਪ੍ਰਸ਼ਾਂਤ ਭੂਸ਼ਣ ਨੇ ਇੱਕ ਵਾਰ ਫਿਰ ਦੋਸ਼ ਲਾਇਆ ਕਿ 1 ਅਗਸਤ ਨੂੰ ਚੋਣ ਪੈਨਲ ਵੱਲੋਂ ਪ੍ਰਕਾਸ਼ਤ ਕੀਤੀ ਜਾਣ ਵਾਲੀ ਡਰਾਫਟ ਸੂਚੀ ਵਿੱਚੋਂ ਲੋਕਾਂ ਨੂੰ ਬਾਹਰ ਰੱਖਿਆ ਜਾ ਰਿਹਾ ਹੈ ਅਤੇ ਉਹ ਆਪਣਾ ਮਹੱਤਵਪੂਰਨ ਵੋਟ ਪਾਉਣ ਦਾ ਅਧਿਕਾਰ ਗਵਾ ਦੇਣਗੇ।



## ਨਹਿਰੂ, ਇੰਦਰਾ ਗਾਂਧੀ, ਮੇਰੀ ਮਾਂ ਦੇ ਹੰਝੂਆਂ ਦੀ ਗੱਲ ਤਾਂ ਕੀਤੀ ਪਰ ਇਹ ਨਹੀਂ ਦੱਸਿਆ ਕਿ ਜੰਗ ਕਿਉਂ ਰੋਕੀ ਗਈ : ਪ੍ਰਿਯੰਕਾ ਗਾਂਧੀ

### ਕੀ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰੱਖਿਆ ਮੰਤਰੀ, ਐੱਨਐੱਸਏ ਨੂੰ ਘੇਰਿਆ

ਨਵੀਂ ਦਿੱਲੀ (ਲੋਕ ਬਾਣੀ)=-ਕਾਂਗਰਸੀ ਆਗੂ ਅਤੇ ਲੋਕ ਸਭਾ ਮੈਂਬਰ ਪ੍ਰਿਯੰਕਾ ਗਾਂਧੀ ਨੇ ਲੋਕ ਸਭਾ ਵਿੱਚ ਪਹਿਲਗਾਮ ਅਤਿਵਾਦੀ ਹਮਲੇ ਨੂੰ ਲੈ ਕੇ ਸੱਤਾਧਾਰੀ ਧਿਰ 'ਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਨੇ ਸਰਕਾਰ ਦੀ ਕਾਰਗੁਜ਼ਾਰੀ, ਖੁਫੀਆ ਨਾਕਾਮੀ ਅਤੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਚੁੱਕੇ। ਪ੍ਰਿਯੰਕਾ ਗਾਂਧੀ ਨੇ ਕਿਹਾ, "ਸੱਤਾਧਾਰੀ ਪਾਰਟੀ ਦੇ ਲੋਕਾਂ ਨੇ ਵੱਖ-ਵੱਖ ਪਹਿਲੂਆਂ 'ਤੇ ਗੱਲ ਕੀਤੀ ਪਰ ਇਸ ਦਾ ਜਵਾਬ ਨਹੀਂ ਦਿੱਤਾ ਕਿ ਪਹਿਲਗਾਮ ਅਤਿਵਾਦੀ ਹਮਲਾ ਕਿਉਂ ਅਤੇ ਕਿਵੇਂ ਹੋਇਆ।" ਉਨ੍ਹਾਂ ਨੇ ਸੁਰੱਖਿਆ ਪ੍ਰਬੰਧਾਂ ਦੀ ਘਾਟ 'ਤੇ ਸਵਾਲ ਕਰਦੇ ਹੋਏ ਪੁੱਛਿਆ, ÷ਕੀ ਸਰਕਾਰ ਨੂੰ ਪਤਾ ਨਹੀਂ ਸੀ ਕਿ ਹਜ਼ਾਰਾਂ ਸੈਲਾਨੀ ਬੈਸਾਰਨ ਘਾਟੀ ਜਾਂਦੇ ਹਨ? ਉੱਥੇ ਸੁਰੱਖਿਆ ਕਿਉਂ ਨਹੀਂ ਸੀ? ਉਨ੍ਹਾਂ ਨੂੰ ਰੱਬ ਦੇ ਭਰੋਸੇ ਕਿਉਂ ਛੱਡ ਦਿੱਤਾ ਗਿਆ?" ਲੋਕ ਸਭਾ ਵਿੱਚ ਅਪਰੇਸ਼ਨ ਸਿੰਧੂਰ 'ਤੇ ਵਿਸ਼ੇਸ਼ ਚਰਚਾ ਵਿੱਚ ਹਿੱਸਾ ਲੈਂਦਿਆਂ ਕਾਂਗਰਸ ਸੰਸਦ ਮੈਂਬਰ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਇੱਥੋਂ ਤੱਕ ਕਿ ਉਨ੍ਹਾਂ ਦੀ ਮਾਂ (ਸੋਨੀਆ ਗਾਂਧੀ) ਦੇ ਹੰਝੂਆਂ ਬਾਰੇ ਵੀ ਗੱਲ ਕੀਤੀ ਪਰ ਇਸ ਦਾ ਜਵਾਬ ਨਹੀਂ ਦਿੱਤਾ ਕਿ "ਜੰਗ ਉਸ ਸਮੇਂ ਕਿਉਂ ਰੋਕੀ ਗਈ ਜਦੋਂ ਦੁਸ਼ਮਣ ਕੋਲ ਭੱਜਣ ਲਈ ਕੋਈ ਥਾਂ ਨਹੀਂ ਸੀ।"



## ਦਿੱਲੀ 'ਚ ਬੰਗਾਲੀ ਬੋਲਣ ਵਾਲੇ ਪਰਵਾਸੀ ਪਰਿਵਾਰ ਨੂੰ ਧਮਕਾਇਆ ਗਿਆ: ਮਮਤਾ

ਕੋਲਕਾਤਾ (ਲੋਕ ਬਾਣੀ)-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਨੂੰ ਦਾਅਵਾ ਕੀਤਾ ਕਿ ਦਿੱਲੀ ਵਿੱਚ ਕਥਿਤ ਤੌਰ 'ਤੇ ਹਮਲੇ ਦਾ ਸ਼ਿਕਾਰ ਹੋਈ ਇੱਕ ਬੰਗਾਲੀ ਬੋਲਣ ਵਾਲੀ ਔਰਤ ਅਤੇ ਉਸਦੇ ਬੱਚੇ ਨੂੰ ਧਮਕਾਇਆ ਗਿਆ ਸੀ। ਬੈਨਰਜੀ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸਾਂਝਾ ਕੀਤਾ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਕਿ ਕੌਮੀ ਰਾਜਧਾਨੀ ਵਿੱਚ ਇੱਕ ਬੰਗਾਲੀ ਬੋਲਣ ਵਾਲੀ ਔਰਤ ਅਤੇ ਉਸਦੇ ਬੱਚੇ 'ਤੇ ਉਨ੍ਹਾਂ ਦੀ ਭਾਸ਼ਾ ਬੋਲਣ ਕਾਰਨ ਹਮਲਾ ਕੀਤਾ ਗਿਆ ਸੀ। ਹਾਲਾਂਕਿ, ਦਿੱਲੀ ਪੁਲੀਸ ਨੇ ਬੈਨਰਜੀ ਦੁਆਰਾ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਵੀਡੀਓ ਨੂੰ ਮਨਘੜਤ ਅਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਕਰਾਰ ਦਿੱਤਾ ਹੈ। ਬੈਨਰਜੀ ਨੇ ਬੀਰਭੂਮ ਜ਼ਿਲ੍ਹੇ ਵਿੱਚ ਕਿਹਾ, "ਉਨ੍ਹਾਂ ਨੂੰ ਵੱਖ-ਵੱਖ ਪੁਲੀਸ ਥਾਣਿਆਂ ਵਿੱਚ ਲਿਜਾਇਆ ਗਿਆ ਜਿਵੇਂ ਕਿ ਮੈਂ ਕੱਲ੍ਹ ਭਵਿੱਖਬਾਣੀ ਕੀਤੀ ਸੀ।

## ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਇਕ ਨਕਸਲੀ ਹਲਾਕ

### ਤਿੰਨ ਸੁਰੱਖਿਆ ਕਰਮਚਾਰੀ ਜ਼ਖਮੀ

ਸੁਕਮਾ (ਲੋਕ ਬਾਣੀ)-ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਵਿੱਚ ਮੰਗਲਵਾਰ ਨੂੰ ਇੱਕ ਮੁਕਾਬਲੇ ਦੌਰਾਨ ਆਈਈਡੀ ਧਮਾਕੇ ਵਿੱਚ ਇੱਕ ਨਕਸਲੀ ਮਾਰਿਆ ਗਿਆ ਅਤੇ ਤਿੰਨ ਸੁਰੱਖਿਆ ਕਰਮਚਾਰੀ ਜ਼ਖਮੀ ਹੋ ਗਏ ਹਨ। ਉਨ੍ਹਾਂ ਕਿਹਾ ਕਿ ਨਕਸਲ ਵਿਰੋਧੀ ਮੁਹਿੰਮ 'ਤੇ ਤਾਇਨਾਤ ਸੁਰੱਖਿਆ ਕਰਮਚਾਰੀਆਂ ਦੀ ਇੱਕ ਸਾਂਝੀ ਟੀਮ ਅਤੇ ਮਾਓਵਾਦੀਆਂ ਵਿਚਕਾਰ ਸੁਕਮਾ-ਦਾਂਤੇਵਾੜਾ ਅੰਤਰ-ਜ਼ਿਲ੍ਹਾ ਸਰਹੱਦ ਦੇ ਨਾਲ ਜੰਗਲ ਵਿੱਚ ਗੋਲੀਬਾਰੀ ਹੋਈ। ਸੁਕਮਾ ਦੇ ਪੁਲੀਸ ਸੁਪਰਡੈਂਟ ਕਿਰਨ ਚਵਾਨ ਨੇ ਕਿਹਾ ਕਿ ਖੇਤਰ ਵਿੱਚ ਮਾਓਵਾਦੀਆਂ ਦੀ ਮੌਜੂਦਗੀ ਬਾਰੇ ਜਾਣਕਾਰੀ ਦੇ ਆਧਾਰ 'ਤੇ ਸੋਮਵਾਰ ਨੂੰ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.), ਜ਼ਿਲ੍ਹਾ ਰਿਜ਼ਰਵ ਗਾਰਡ (ਡੀ.ਆਰ.ਜੀ.) ਅਤੇ ਕੇਂਦਰੀ ਰਿਜ਼ਰਵ ਪੁਲੀਸ ਫੋਰਸ (ਸੀ.ਆਰ.ਪੀ.ਐੱਫ.) ਦੇ ਜਵਾਨਾਂ ਨੂੰ ਸ਼ਾਮਲ ਕਰਦਿਆਂ ਇਹ ਕਾਰਵਾਈ ਸ਼ੁਰੂ ਕੀਤੀ ਗਈ ਸੀ। ਮੁਕਾਬਲੇ ਵਾਲੀ ਥਾਂ ਦੀ ਤਲਾਸ਼ੀ ਦੌਰਾਨ ਸੁਰੱਖਿਆ ਕਰਮਚਾਰੀਆਂ ਨੂੰ ਇੱਕ ਨਕਸਲੀ ਦੀ ਲਾਸ਼ ਦੇ ਨਾਲ ਹਥਿਆਰ, ਗੋਲਾ ਬਾਰੂਦ ਅਤੇ ਵਿਸਫੋਟਕ ਸਮੱਗਰੀ ਦਾ ਇੱਕ ਵੱਡਾ ਜ਼ਖੀਰਾ ਮਿਲਿਆ। ਚਵਾਨ ਨੇ ਕਿਹਾ ਕਿ, "ਅਪਰੇਸ਼ਨ ਦੌਰਾਨ ਇੱਕ ਪ੍ਰੈਸ਼ਰ ਆਈਈਡੀ ਧਮਾਕੇ ਵਿੱਚ ਡੀਆਰਜੀ ਨਾਲ ਸਬੰਧਤ ਤਿੰਨ ਜਵਾਨ ਜ਼ਖਮੀ ਹੋ ਗਏ। ਸਾਰੇ ਜ਼ਖਮੀ ਕਰਮਚਾਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਇਲਾਜ ਲਈ ਉੱਚ ਮੈਡੀਕਲ ਕੇਂਦਰਾਂ ਵਿੱਚ ਭੇਜਿਆ ਜਾ ਰਿਹਾ ਹੈ। ਉਨ੍ਹਾਂ ਦੀ ਹਾਲਤ ਇਸ ਵੇਲੇ ਸਥਿਰ ਅਤੇ ਖ਼ਤਰੇ ਤੋਂ ਬਾਹਰ ਹੈ।"



## ਚੀਨ ਵਿੱਚ ਹੜ੍ਹਾਂ ਕਾਰਨ ਮਚੀ ਤਬਾਹੀ, 30 ਮੌਤਾਂ

ਬੀਜਿੰਗ (ਲੋਕ ਬਾਣੀ)-ਚੀਨ ਵਿਚ ਹੜ੍ਹਾਂ ਦੇ ਕਾਰਨ ਹੁਣ ਤੱਕ 30 ਵਿਅਕਤੀਆਂ ਦੀ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਮੌਤਾਂ ਬੀਜਿੰਗ ਦੇ ਉੱਤਰੀ ਪਹਾੜੀ ਜ਼ਿਲ੍ਹੇ ਵਿੱਚ ਹੋਈਆਂ ਹਨ, ਜਿਨ੍ਹਾਂ ਵਿੱਚੋਂ 28 ਮਿਯੂੰ (Miyun) ਅਤੇ 2 ਯਾਨਕਿੰਗ (Yanqing) ਦੇ ਸ਼ਹਿਰ ਲੋਕ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਹੋਈ ਤਬਾਹੀ ਵਿਚ ਸੜਕਾਂ ਟੁੱਟ ਗਈਆਂ ਹਨ ਅਤੇ ਬਿਜਲੀ ਸਪਲਾਈ ਵੀ ਠੱਪ ਹੈ। ਜਿਸ ਕਾਰਨ ਲੋਕਾਂ ਨੂੰ ਵੱਡੇ ਪੱਧਰ ਪ੍ਰਭਾਵਿਤ ਇਲਾਕਿਆਂ ਵਿੱਚੋਂ ਬਾਹਰ ਕੱਢਿਆ ਜਾ ਰਿਹਾ ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਧਿਕਾਰੀਆਂ ਨੂੰ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪੁਖ਼ਤਾ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਲਬੇ ਦੇ ਹੇਠਾਂ ਦਬੇ ਲੋਕਾਂ ਨੂੰ ਲੱਭਣ ਲਈ ਬਚਾਅ ਕਾਰਜ ਜਾਰੀ ਹਨ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾਇਆ ਜਾ ਰਿਹਾ ਹੈ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ

www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


## ਲੋਕ ਬਾਣੀ ਮਲਾਹ ’ਤੇ ਵਿਸ਼ਵਾਸ



ਬੇੜੀ (ਕਿਸ਼ਤੀ) ਵਿੱਚ
ਸਵਾਰ ਹੋਣ ਵਾਲੇ ਲੋਕ
ਮਲਾਹ ’ਤੇ
ਵਿਸ਼ਵਾਸ(ਭਰੋਸਾ) ਕਰਦੇ
ਹਨ, ਨਮਾਜ਼ ਪੜ੍ਹਨ ਵਾਲੇ
ਲੋਕ ਅੱਲਾਹ ’ਤੇ ਵਿਸ਼ਵਾਸ ਕਰਦੇ ਹਨ,
ਜਦੋਂ ਇਸ਼ਕ ਹਕੀਕੀ ਹੋ ਜਾਵੇ ਤਾਂ ਆਸ਼ਿਕ
ਵਫ਼ਾ ’ਤੇ ਵਿਸ਼ਵਾਸ ਕਰਦੇ ਹਨ,
ਮੰਜ਼ਿਲ ’ਤੇ ਪਹੁੰਚਣ ਵਾਲੇ ਲੋਕ ਰਾਹ ’ਤੇ
ਵਿਸ਼ਵਾਸ ਕਰਦੇ ਹਨ,
ਗਾਇਕ ਕਲਾਕਾਰ ਲੋਕਾਂ ਵੱਲੋਂ ਮਿਲੀ ਹੋਈ
ਵਾਹ-ਵਾਹ ’ਤੇ ਵਿਸ਼ਵਾਸ ਕਰਦੇ ਹਨ,
ਗੱਦੀ ਨਸ਼ੀਨ ਬਾਬੇ ’ਤੇ ਭਗਤ, ਸ਼ਰਧਾਲੂਆਂ ਦੇ
ਉਤਸ਼ਾਹ ’ਤੇ ਵਿਸ਼ਵਾਸ ਕਰਦੇ ਹਨ,
ਧੀ-ਪੁੱਤਰ ਮਾਂ ਪਿਓ ਨਾਲ ? ਕੀਤੀ ਹੋਈ
ਸਲਾਹ ’ਤੇ ਵਿਸ਼ਵਾਸ ਕਰਦੇ ਹਨ,
‘ਦਿਲਸ਼ਾਨ’ ਸੰਤ ਅਤੇ ਫ਼ਕੀਰ, ਰੱਬ ਦੀ ਰਜ਼ਾ
’ਤੇ ਵਿਸ਼ਵਾਸ ਕਰਦੇ ਹਨ।

ਦਿਲਸ਼ਾਨ, ਮੋਬਾਈਲ - 9914304172

# ਜਾਨਵਰਾਂ ਦੇ ਕਾਨੂੰਨੀ ਹੱਕ

ਜਾਨਵਰ ਇਸ ਧਰਤੀ ਦੇ ਜੀਵ ਜਗਤ ਦਾ ਮਹੱਤਵਪੂਰਨ ਅੰਗ ਹਨ। ਉਹ ਵੀ ਦਰਦ ਮਹਿਸੂਸ ਕਰਦੇ ਹਨ, ਸੰਵੇਦਨਸ਼ੀਲ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਕਾਨੂੰਨੀ ਢਾਂਚੇ ਦੀ ਲੋੜ ਹੁੰਦੀ ਹੈ। ਭਾਰਤ ਵਿੱਚ ਜਾਨਵਰਾਂ ਦੀ ਭਲਾਈ ਅਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ ਕਈ ਕਾਨੂੰਨ, ਅਦਾਲਤੀ ਫੈਸਲੇ ਅਤੇ ਸੰਵੈਧਾਨਕ ਉਲੇਖ ਮੌਜੂਦ ਹਨ।

ਲੋਕ ਬਾਣੀ

ਸੰਵਿਧਾਨਕ ਆਧਾਰ-ਭਾਰਤੀ ਸੰਵਿਧਾਨ ਜਾਨਵਰਾਂ ਨੂੰ ਸਿੱਧਾ ਹੱਕ ਲੈਣ ਦੀ ਇਜਾਜ਼ਤ ਤਾਂ ਨਹੀਂ ਦਿੰਦਾ, ਪਰ



ਕਾਨੂੰਨ ਦੀ ਧਾਰਾ 511(g) ਦੇ ਅਧੀਨ ਹਰ ਨਾਗਰਿਕ ਦੀ ਜ਼ਿੰਮੇਵਾਰੀ ਲਗਾਈ ਗਈ ਹੈ ਕਿ ਉਹ ਸਾਰੇ ਜੀਵ ਜੰਤੂਆਂ ਨਾਲ ਦਇਆ ਭਾਵਨਾ ਦਾ ਵਰਤਾਵ ਕਰੇ।

ਇਹ ਸੰਵਿਧਾਨਕ ਡਿਊਟੀ ਇੱਕ ਆਧਾਰ ਬਣਾਉਂਦੀ ਹੈ ਜਿਸ ਰਾਹੀਂ ਜਾਨਵਰਾਂ ਦੀ ਰੱਖਿਆ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ।

ਪ੍ਰੀਵੇਂਸ਼ਨ ਆਫ ਕਰੂਲਟੀ ਟੂ ਐਨੀਮਲਜ਼ ਐਕਟ, 1960 (PCA Act)

ਇਹ ਭਾਰਤ ਵਿੱਚ ਜਾਨਵਰਾਂ ਦੀ ਹਿਮਾਇਤ ਕਰਨ ਵਾਲਾ ਮੁੱਖ ਕਾਨੂੰਨ ਹੈ।

ਇਸ ਅਧੀਨ:ਜਾਨਵਰਾਂ ਉੱਤੇ ਬੇਰਹਿਮੀ ਜਾਂ ਤਸ਼ੱਦਦ ਕਰਨਾ ਗੈਰਕਾਨੂੰਨੀ ਹੈ।

ਕਿਸੇ ਵੀ ਪਸ਼ੂ ਨੂੰ ਭੁੱਖਾ ਰੱਖਣਾ, ਮਾਰਨਾ, ਬਲਾਤਕਾਰ ਕਰਨਾ, ਜਾਂ ਤਰਸਯੋਗ ਹਾਲਤ ਵਿੱਚ ਛੱਡਣਾ ਦੰਡਯੋਗ ਹੈ।

ਸੈਕਸ਼ਨ 11 ਦੇ ਤਹਿਤ ਕਈ ਕਿਸਮ ਦੀਆਂ ਜ਼ੁਲਮਾਂ ਨੂੰ ਵੱਖਰੇ ਤੌਰ ’ਤੇ ਪਰਿਭਾਸ਼ਤ ਕੀਤਾ ਗਿਆ ਹੈ।

ਹਾਈ ਕੋਰਟ ਤੇ ਸੁਪਰੀਮ ਕੋਰਟ ਦਾ ਨਿਰਣਾ

ਕਈ ਮਹਤੱਵਪੂਰਨ ਫੈਸਲੇ ਜਿਨ੍ਹਾਂ ਨੇ ਜਾਨਵਰਾਂ ਨੂੰ ਕਾਨੂੰਨੀ ਵਿਅਕਤੀ (Legal Person) ਦੇ ਰੂਪ ਵਿੱਚ ਮੰਨਿਆ:

ਨਲਸਾ ਵਿ. ਯੂਨਿਅਨ ਆਫ ਇੰਡੀਆ (2014) — ਇਨਸਾਨ ਤੋਂ ਇਲਾਵਾ ਹੋਰ ਜੀਵਾਂ ਨੂੰ ਵੀ ਜੀਵਨ ਜਿਉਣ ਦਾ ਇੱਜ਼ਤਦਾਰ ਹੱਕ ਹੈ, ਇਸ ਨੂੰ ਕਾਨੂੰਨੀ ਮੰਨਤਾ ਦਿੱਤੀ ਗਈ।

ਉਤਤਰਾਖੰਡ ਹਾਈ ਕੋਰਟ (2018) ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਸਾਰੇ ਪਸ਼ੂਆਂ ਨੂੰ ÷ਜਿੰਦਾ ਕਾਨੂੰਨੀ ਵਿਅਕਤੀ÷ ਮੰਨਿਆ ਜਾਵੇ।

ਅਧਿਕਾਰਾਂ ਦੀ ਲਾਗੂ ਕਰਨ ਦੀ ਪ੍ਰਕਿਰਿਆ: ਕੌਣ ਦੱਸੇਗਾ ਅਤੇ ਕਿਵੇਂ ?

(i) ਸਰਕਾਰੀ ਸੰਸਥਾਵਾਂ ਦੁਆਰਾ)

AWBI (Animal Welfare Board of India) — ਪਸ਼ੂ ਭਲਾਈ ਦੀ



ਨਿਗਰਾਨੀ ਕਰਨ ਵਾਲੀ ਕੇਂਦਰੀ ਸੰਸਥਾ ਹੈ।

ਪੰਚਾਇਤ ਅਤੇ ਨਗਰ ਨਿਗਮਾਂ — ਘਰੋਂ ਬਾਹਰ ਰਹਿ ਰਹੇ ਜਾਨਵਰਾਂ ਦੀ ਰਜਿਸਟ ?ਰੇਸ਼ਨ, ਸਟਰਿਲਾਈਜ਼ੇਸ਼ਨ ਅਤੇ ਖ਼ੁਰਾਕ ਦੀ ਪ੍ਰਬੰਧਨਾ ਕਰਦੇ ਹਨ।

(ii) ਪੇਟਾ ਅਤੇ ਹੋਰ NGO

ਜਾਨਵਰਾਂ ਨਾਲ ਹੋ ਰਹੇ ਉਤਪੀੜਨ ਉੱਤੇ ਰਿਪੋਰਟ ਲਿਖਣ, ਅਦਾਲਤ ਵਿੱਚ ਮਾਮਲੇ ਚਲਾਉਣ ਅਤੇ ਜਾਗਰੂਕਤਾ ਫੈਲਾਉਣ ਦਾ ਕੰਮ ਕਰਦੇ ਹਨ।

(iii) ਆਮ ਨਾਗਰਿਕ ਤੇ ਐਕਟਿਵਿਸਟ

ਕੋਈ ਵੀ ਵਿਅਕਤੀ ਜੋ ਜਾਨਵਰਾਂ ਦੇ ਹੱਕਾਂ ਦੀ ਉਲੰਘਣਾ ਵੇਖਦਾ ਹੈ, ਨਜ਼ਦੀਕੀ ਪੁਲਿਸ ਥਾਣੇ ਜਾਂ 112 / 100 ਤੇ ਕਾਲ ਕਰਕੇ FIR ਦਰਜ ਕਰਵਾ ਸਕਦਾ ਹੈ।

ਆਨਲਾਈਨ ਪਲੇਟਫਾਰਮ ਜਾਂ ਲੀਗਲ ਨੋਟਿਸ ਰਾਹੀਂ ਵੀ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ।

ਜਾਨਵਰਾਂ ਨੂੰ ਕਾਨੂੰਨੀ ਰੱਖਿਆ ਕਿਉਂ ਜ਼ਰੂਰੀ ਹੈ ?

ਸੰਵੇਦਨਸ਼ੀਲ ਜੀਵ ਹਨ, ਦਰਦ ਮਹਿਸੂਸ ਕਰਦੇ ਹਨ।

ਜੈਵਿਕ ਤੰਤ੍ ਦਾ ਅਹੰਕਾਰਪੂਰਕ ਹਿੱਸਾ ਹਨ।

ਪਸ਼ੂ ਤਸ਼ੱਦੁਦ, ਆਖਰਕਾਰ ਮਨੁੱਖੀ ਹਿੰਸਾ ਦਾ ਆਧਾਰ ਬਣਦਾ ਹੈ (Cruelty Link Theory)।

ਜਾਨਵਰ ਆਪਣੇ ਹੱਕਾਂ ਲਈ ਨਹੀਂ ਬੋਲ ਸਕਦੇ, ਪਰ ਕਾਨੂੰਨ ਅਤੇ ਮਨੁੱਖਤਾ ਨੂੰ ਉਨ੍ਹਾਂ ਲਈ ਬੋਲਣਾ ਹੋਵੇਗਾ।÷

ਭਾਰਤ ਵਿੱਚ ਜਾਨਵਰਾਂ ਦੇ ਹੱਕ ਸਿਰਫ ਕਾਗਜ਼ੀ ਨਹੀਂ, ਸੱਚਮੁੱਚ ਲਾਗੂ ਹੋਣਯੋਗ ਹਨ — ਪਰ ਇਹ ਤਦ ਹੀ ਸੰਭਵ ਹੈ ਜਦੋਂ ਨਾਗਰਿਕ, ਸਰਕਾਰ ਅਤੇ ਅਦਾਲਤ ਤਿੰਨੇ ਆਪਣੀ ਭੂਮਿਕਾ ਨਿਭਾਉਣ।


**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਟੇਬਲ ਟੈਨਿਸ 'ਚ ਸਰਕਾਰੀ ਹਾਈ ਸਕੂਲ ਰੜ੍ਹ ਦੇ ਮੁੰਡੇ ਤੇ ਕੁੜੀਆਂ ਜੇਤੂ

## ਨੈਟਬਾਲ ਅੰਡਰ 14 'ਚ ਮਾਖਾ ਚਹਿਲਾਂ ਦੀਆਂ ਕੁੜੀਆਂ ਮੋਹਰੀ

ਜੋਗਾ, (ਲੋਕ ਬਾਣੀ): ਜੋਨ ਜੋਗਾ ਦੀਆਂ ਗਰਮ ਰੁੱਤ ਸਕੂਲ ਖੇਡਾਂ ਦੇ ਚੱਲ ਰਹੇ ਮੁਕਾਬਲਿਆਂ ਮੌਕੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਜੋਨ ਜੋਗਾ ਦੇ ਪ੍ਰਧਾਨ ਹੈੱਡ ਮਾਸਟਰ ਮੁਨੀਸ਼ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਜੋਨ ਜੋਗਾ ਦੇ ਪ੍ਰੈਸ ਸਕੱਤਰ ਡੀਪੀਈ ਪਾਲਾ ਸਿੰਘ ਨੇ ਦੱਸਿਆ ਕਿ ਬਾਬਾ ਫਰੀਦ ਅਕੈਡਮੀ ਉੱਭਾ, ਰੈਨੇਸਾਂ ਸਕੂਲ ਤਾਮਕੋਟ, ਮਾਈ ਭਾਗੋ ਸਕੂਲ ਰੱਲਾ ਅਤੇ ਸਰਕਾਰੀ ਹਾਈ ਸਕੂਲ ਰੱਲਾ ਵਿਖੇ ਕਰਵਾਏ ਗਏ ਵੱਖ-ਵੱਖ ਮੁਕਾਬਲਿਆਂ ਵਿੱਚੋਂ ਕਬੱਡੀ ਅੰਡਰ 14 ਸਾਲ (ਮੁੰਡੇ) ਵਿੱਚ ਸਸਸਸ ਅਤਲਾ ਕਲਾਂ, ਸਹਸ ਰੱਲਾ (ਮੁੰਡੇ) ਤੇ ਸਨਾਵਰ ਸਮਾਰਟ ਸਕੂਲ ਭੁਪਾਲ, ਖੋ-ਖੋ ਅੰਡਰ 14 ਸਾਲ (ਲੜਕੇ) ਵਿੱਚ ਸਸਸਸ ਉੱਭਾ-ਬੁਰਜ ਢਿੱਲਵਾਂ, ਸਸਸਸ ਅਤਲਾ ਕਲਾਂ ਤੇ ਗੁਰੂਕੁਲ ਅਕੈਡਮੀ ਉੱਭਾ, ਕਬੱਡੀ ਅੰਡਰ 14 ਸਾਲ (ਲੜਕੇ) ਸਸਸਸ ਅਤਲਾ ਕਲਾਂ, ਸਹਸ ਰੱਲਾ (ਮੁੰਡੇ) ਤੇ ਸਨਾਵਰ ਸਮਾਰਟ ਸਕੂਲ ਭੁਪਾਲ, ਨੈਟਬਾਲ ਅੰਡਰ 14 ਸਾਲ (ਲੜਕੀਆਂ) ਸਹਸ ਮਾਖਾ ਚਹਿਲਾਂ, ਸਸਸਸ (ਕੰ) ਜੋਗਾ ਤੇ ਸਨਾਵਰ ਸਮਾਰਟ ਸਕੂਲ ਭੁਪਾਲ, ਨੈਟਬਾਲ ਅੰਡਰ 17 (ਲੜਕੀਆਂ) ਵਿੱਚ ਸਸਸਸ (ਕੰ) ਜੋਗਾ, ਸਹਸ ਮਾਖਾ ਚਹਿਲਾਂ ਤੇ ਸਨਾਵਰ ਸਮਾਰਟ ਸਕੂਲ ਭੁਪਾਲ, ਟੇਬਲ ਟੈਨਿਸ ਅੰਡਰ 14 (ਮੁੰਡੇ ਤੇ ਕੁੜੀਆਂ) ਵਿੱਚ ਸਹਸ ਰੜ੍ਹ, ਮਾਈ ਭਾਗੋ ਸਕੂਲ ਰੱਲਾ ਤੇ ਸਹਸ ਬੁਰਜ ਝੱਬਰ, ਟੇਬਲ ਟੈਨਿਸ ਅੰਡਰ 17 (ਮੁੰਡੇ ਤੇ ਕੁੜੀਆਂ) ਵਿੱਚ ਸਹਸ ਰੜ੍ਹ, ਮਾਈ ਭਾਗੋ ਸਕੂਲ ਰੱਲਾ ਤੇ ਸਹਸ ਬੁਰਜ ਝੱਬਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ।



# ਭਗਤ ਪੂਰਨ ਸਿੰਘ ਜੀ ਦੀ 33ਵੀਂ ਬਰਸੀ, 01 ਅਗਸਤ ਤੋਂ 05 ਅਗਸਤ ਤੱਕ ਮਨਾਈ ਜਾਵੇਗੀ

ਅੰਮ੍ਰਿਤਸਰ (ਲੋਕ ਬਾਣੀ)-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ(ਰਜਿ.) ਅੰਮ੍ਰਿਤਸਰ ਵੱਲੋਂ ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਦੀ 3 3 ਵ ੀਂ ਬਰਸੀ,01ਅਗਸਤ ਤੋਂ 05 ਅਗਸਤ ਤੱਕ ਮਨਾਈ ਜਾਵੇਗੀ। ਆਪ ਜੀ ਨੂੰ ਪਤਾ ਹੀ ਹੈ ਕਿ ਭਗਤ ਪੂਰਨ ਸਿੰਘ ਜੀ ਨੇ ਜਿੱਥੇ ਬੀਮਾਰਾਂ, ਅਪਾਹਜਾਂ ਅਤੇ ਬਜ਼ੁਰਗਾਂ ਦੀ ਸੇਵਾ ਕੀਤੀ ਹੈ, ਓਥੇ ਉਹਨਾਂ ਨੇ ਵ ਾ ਤ ਾ ਵ ਰ ਣ , ਸਮਾਜਿਕ ਅਤੇ ਆਰਥਿਕ ਮੁੱਦਿਆਂ ਤੇ ਵੀ ਬੜੀ ਸ਼ਿੱਦਤ ਨਾਲ ਕੰਮ ਕੀਤਾ। ਬਲਿਊ ਸਟਾਰ ਐਕਸ਼ਨ ਤੋਂ ਬਾਅਦ ਉਹਨਾਂ ਨੇ ਪਦਮ ਸ਼ ?ਰੀ ਵੀ ਵਾਪਸ ਕੀਤਾ। ਉਹਨਾਂ ਰਾਹਾਂ 'ਤੇ ਚੱਲਦੇ ਹੋਏ ਸੰਸਥਾ ਨੇ ਹੇਠ ਲਿਖੇ ਪੋ ?ਰਗਰਾਮ ਉਲੀਕੇ ਹਨ। ਜਿਹੜੇ ਮਰੀਜ਼ ਹਮੇਸ਼ਾ ਹੀ ਪਿੰਗਲਵਾੜੇ ਰਹਿੰਦੇ ਹਨ, ਉਹਨਾਂ ਦੀ ਖੁਸ਼ੀ ਲਈ 01 ਅਗਸਤ 2025 ਦਿਨ ਸ਼ੁੱਕਰਵਾਰ ਨੂੰਪ੍ਰਾਇਮਰੀ ਤੱਕ ਦੇ ਛੋਟੇ ਬੱਚਿਆਂ ਅਤੇ ਪਿੰਗਲਵਾੜੇ ਦੇ ਮਰੀਜ਼ਾਂ ਵੱਲੋਂ ਸੱਭਿਆਚਾਰਕ ਪੋ ?ਰਗਰਾਮਮੁੱਖ ਦਫ਼ਤਰ, ਤਹਿਸੀਲਪੁਰਾ ਰੋਡ ਨੇੜੇ ਬੱਸ ਸਟੈਂਡ ਅੰਮ੍ਰਿਤਸਰ ਵਿਖੇ ਕੀਤਾ ਜਾ ਰਿਹਾ ਹੈ ।ਇਸ ਪੋ ?ਰਗਰਾਮ ਦੇ ਚੀਫ਼ ਗੈਸਟ 'ਮੈਡਮ ਕਿਰਨਜੋਤ ਕੌਰ'ਅਤੇ ਗੈਸਟ ਆਫ਼ ਆਨਰ 'ਡਾ. ਇੰਦਰਜੀਤ ਸਿੰਘ ਗੋਗੋਆਣੀ ਅਤੇ ਸ. ਨਵਜੋਤ ਸਿੰਘ ਮੰਡੇਰ ਜਰਗ' ਹੋਣਗੇ।




# ਨਗਰ ਨਿਗਮ ਅੰਮ੍ਰਿਤਸਰ ਟਕਾ ਆਮਦਨੀ ਖਰਚਾ ਰੁਪਈਆ....

## ਪਿਛਲੇ ਸਾਲ ਦੇ ਮੁਕਾਬਲੇ ਜੀਐਸਟੀ ਦਾ ਪੰਜ ਕਰੋੜ ਘੱਟ ਆਇਆ

ਅੰਮ੍ਰਿਤਸਰ, (ਲੋਕ ਬਾਣੀ)-ਨਗਰ ਨਿਗਮ ਅੰਮ੍ਰਿਤਸਰ ਵਿੱਚ ਟਕਾ ਆਮਦਨੀ ਖਰਚੇ ਰੁਪਈਆ ਵਾਲੇ ਹਾਲਾਤ ਬਣੇ ਹੋਏ ਹਨ। ਤਨਖਾਹਾਂ ਨੂੰ ਲੈ ਕੇ ਕਰਮਚਾਰੀ ਸੰਘਰਸ਼ ਕਰਨ ਲਈ ਮਜਬੂਰ ਹਨ ਉੱਥੇ ਹੋਰ ਵਾਧੂ ਖਰਚਿਆਂ ਦਾ ਭੁਗਤਾਨ ਕਰਨਾ ਟੇਢੀ ਖੀਰ ਬਣ ਰਿਹਾ ਹੈ। ਇਸ ਦੇ ਨਾਲ ਨਾਲ ਪੰਜਾਬ ਦੇ ਕਰਮਚਾਰੀਆਂ ਨੂੰ ਸੁੱਖ ਸਹੂਲਤਾਂ ਦੇਣ ਦੇ ਦਾਅਵੇ ਵੀ ਹਵਾ ਹਵਾਈ ਹੁੰਦੇ ਨਜ਼ਰ ਆ ਰਹੇ ਹਨ। ਜਿਸ ਤੇ ਚਲਦਿਆਂ ਸਰਕਾਰ ਵੱਲੋਂ ਆਉਣ ਵਾਲੀ ਜੀਐਸਟੀ ਦੀ ਰਕਮ ਪਿਛਲੇ ਸਾਲ ਦੇ ਮੁਕਾਬਲੇ ਪੰਜ ਕਰੋੜ ਘੱਟ ਆਈ ਹੈ। ਜਾਣਕਾਰੀ ਮੁਤਾਬਕ ਹੁਣ ਤੱਕ ਜੀਐਸਟੀ ਦੇ 44 ਕਰੋੜ ਰੁਪਏ ਆਏ ਸਨ ਜਦ ਕਿ ਇਸ ਵਾਰੀ ਪੰਜ ਕਰੋੜ ਘੱਟ ਕੇ ਸਿਰਫ 39 ਕਰੋੜ ਹੀ ਆਏ ਹਨ। ਨਗਰ ਨਿਗਮ ਦੇ ਕਰਮਚਾਰੀਆਂ ਦੀ ਤਨਖਾਹਾਂ ਅਤੇ ਹੋਰ ਖਰਚਿਆਂ ਨੂੰ ਲੈ ਕੇ 5 ਕਰੋੜ ਦਾ ਘਾਟਾ ਕਿਤੇ ਨਾ ਕਿਤੇ ਪੂਰਾ ਨਹੀਂ ਹੋ ਸਕਦਾ ਹੈ। ਇਸ ਤੋਂ ਇਲਾਵਾ ਨਗਰ ਨਿਗਮ ਦੇ ਵਿੱਚ ਰਿਕਵਰੀਆਂ ਦੀ ਰਕਮ ਆਉਂਦੇ ਵੀ ਹਾਲਾਤ ਕੋਈ ਬਹੁਤੇ ਚੰਗੇ ਨਜ਼ਰ ਨਹੀਂ ਆ ਰਹੇ ਹਨ।



# ਅੰਮ੍ਰਿਤਸਰ ਨਗਰ ਨਿਗਮ ਵੱਲੋਂ ਚਲਾਏ ਜਾ ਰਿਹਾ ਸੁੰਦਰਤਾ ਅਭਿਆਨ ਦੇ ਦੂਜੇ ਦਿਨ ਮਿਲਿਆ ਸ਼ਾਨਦਾਰ ਹੁੰਗਾਰਾ

## ਮੇਅਰ, ਕਮਿਸ਼ਨਰ ਸਮੇਤ ਉਚੇਚੇ ਤੌਰ ਤੇ ਪਹੁੰਚੇ ਫੋਕਲ ਪੌਇੰਟ ਇੰਡਸਟਰੀਅਲ ਵੈਲਫੇਅਰ ਐਸੋਸੀਏਸ਼ਨ ਦੇ ਅਹੁਦੇਦਾਰ

ਅੰਮ੍ਰਿਤਸਰ, (ਲੋਕ ਬਾਣੀ)-ਮਿਊਂਸਪਲ ਕਾਰਪੋਰੇਸ਼ਨ ਅੰਮ੍ਰਿਤਸਰ ਵੱਲੋਂ ਕਮਿਸ਼ਨਰ ਗੁਰਪ੍ਰੀਤ ਸਿੰਘ ਔਲਖ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਸੁੰਦਰਤਾ ਮੁਹਿੰਮ ਨੂੰ ਲੋਕਾਂ ਵੱਲੋਂ ਬੇਹੱਦ ਵਧੀਆ ਸਹਿਯੋਗ ਮਿਲ ਰਿਹਾ ਹੈ। ਇਹ ਸੱਤ ਦਿਨਾਂ ਦੀ ਵਿਸ਼ੇਸ਼ ਮੁਹਿੰਮ ਜੋ ਸ਼ਹਿਰ ਦੇ ਮੁੱਖ ਦਰਵਾਜ਼ੇ 'ਗੋਲਡਨ ਗੇਟ' ਤੋਂ ਸ਼ੁਰੂ ਹੋਈ ਸੀ, ਉਹ ਸ਼੍ਰੀ ਦਰਬਾਰ ਸਾਹਿਬ 'ਤੇ ਸਮਾਪਤ ਹੋਵੇਗੀ। ਕਮਿਸ਼ਨਰ ਨੇ ਸ਼ਹਿਰ ਦੇ ਨਿਵਾਸੀਆਂ, ਸਮਾਜਿਕ ਸੇਵਕਾਂ, ਗੈਰ-ਸਰਕਾਰੀ ਸੰਸਥਾਵਾਂ ਅਤੇ ਉਦਯੋਗਿਕ ਅਸੋਸੀਏਸ਼ਨਾਂ ਨੂੰ ਇਸ ਮੁਹਿੰਮ ਵਿੱਚ ਭਰਪੂਰ ਭਾਗ ਲੈਣ ਦੀ ਅਪੀਲ ਕੀਤੀ। ਇਸ ਅਪੀਲ ਦਾ ਜਵਾਬ ਦਿੰਦਿਆਂ, ਪ੍ਰਮੁੱਖ ÷ਫੋਕਲ ਪੌਇੰਟ ਇੰਡਸਟ ?ਰੀਅਲ ਵੈਲਫੇਅਰ ਅਸੋਸੀਏਸ਼ਨ÷ ਨੇ ਉਤਸ਼ਾਹ ਨਾਲ ਭਾਗ ਲਿਆ 29 ਜੁਲਾਈ ਨੂੰ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕਮਿਸ਼ਨਰ ਗੁਰਪ੍ਰੀਤ ਸਿੰਘ ਔਲਖ ਅਤੇ ਫੋਕਲ ਪੌਇੰਟ ਅਸੋਸੀਏਸ਼ਨ ਦੇ ਅਧਿਕਾਰੀਆਂ ਨੇ ਸਾਂਝੇ ਤੌਰ 'ਤੇ ਕੀਤੀ। ਇਸ ਮੌਕੇ 'ਤੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ।




# ਸਿੱਖਿਆ ਵਿਭਾਗ ਦੀ ਬਦਲੀਆਂ ਸੰਬੰਧੀ ਮਾੜੀ ਕਾਰਜਸ਼ੈਲੀ ਅਤੇ ਲੇਟ ਲਤੀਫ਼ੀ ਕਰਕੇ ਅਧਿਆਪਕ ਵਰਗ ਵਿੱਚ ਰੋਸ ਦੀ ਲਹਿਰ

## ਸਿੱਖਿਆ ਵਿਭਾਗ ਅਧਿਆਪਕ ਵਰਗ ਦੀ ਬਦਲੀਆਂ ਦੀ ਪ੍ਰਕਿਰਿਆ ਨੂੰ ਜਲਦ ਕਰੇ ਮੁਕੰਮਲ: ਡੀ ਟੀ ਐੱਫ

(ਫਾਜ਼ਿਲਕਾ) (ਰਾਜ ਅਰੋੜਾ/ ਪ੍ਰਵੀਨ ਕੁਮਾਰ)-ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ,ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਗੁਰਵਿੰਦਰ ਸਿੰਘ ਅਤੇ ਜਿਲ੍ਹਾ ਸਕੱਤਰ ਕੁਲਜੀਤ ਡੰਗਰ ਖੇੜਾ ਨੇ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੀ ਬਦਲੀਆਂ ਸਬੰਧੀ ਦਿਖਾਈ ਜਾ ਰਹੀ ਨਲਾਇਕੀ ਦੀ ਨਿਖੇਧੀ ਕਰਦਿਆਂ ਬਦਲੀ ਪੋਰਟਲ ਤੇ ਸਟੇਸ਼ਨ ਚੋਣ ਤੁਰੰਤ ਦੇਣ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਈ ਪੰਜਾਬ ਪੋਰਟਲ ਉੱਪਰ ਬਦਲੀ ਪ੍ਰਕਿਰਿਆ 6 ਜੂਨ ਤੋਂ ਸ਼ੁਰੂ ਕਰਕੇ ਜੁਲਾਈ ਮਹੀਨੇ ਦੇ ਲਗਭਗ ਪੂਰਾ ਬੀਤ ਜਾਣ ਦੇ ਬਾਵਜੂਦ ਅਧਿਆਪਕਾਂ ਲਈ ਸਟੇਸ਼ਨ ਚੋਣ ਕਰਨ ਲਈ ਨਹੀਂ ਖੋਲ੍ਹਿਆ ਜਾ ਸਕਿਆ ਹੈ ਜਿਸ ਕਾਰਣ ਲੰਬੇ ਸਮੇਂ ਤੋਂ ਬਦਲੀਆਂ ਉਡੀਕ ਰਹੇ ਅਧਿਆਪਕ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਮਹਿਸੂਸ ਕਰ ਰਹੇ ਹਨ।



ਉਹ ਜੱਥੇਬੰਦੀਆਂ ਦੇ ਆਗੂਆਂ ਅਤੇ ਆਪਣੇ ਆਪਣੇ ਸ੍ਰੋਤਾਂ ਤੋਂ ਬਦਲੀ ਪੋਰਟਲ ਦੇ ਸਟੇਸ਼ਨ ਚੋਣ ਲਈ ਖੋਲ੍ਹੇ ਜਾਣ ਬਾਰੇ ਸੂਚਨਾ ਲੈਣਾ ਚਾਹੁੰਦੇ ਹਨ ਪਰ ਪਿਛਲੇ ਸਮੇਂ ਵਿੱਚ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਵੱਖ ਵੱਖ ਜੱਥੇਬੰਦੀਆਂ ਅਤੇ ਹੋਰਨਾਂ ਸ੍ਰੋਤਾਂ ਨੂੰ ਦਿੱਤੀ ਗਈ ਸੂਚਨਾ ਅੱਜ ਤੱਕ ਝੂਠੀ ਸਾਬਤ ਹੋਈ ਹੈ ਜਿਸ ਕਾਰਣ ਅਧਿਆਪਕਾਂ ਸਿੱਖਿਆ ਵਿਭਾਗ ਦੀ ਕਾਰਜਸ਼ੈਲੀ ਤੋਂ ਨਿਰਾਸ਼ ਹਨ। ਇਸ ਮੌਕੇ ਡੈਮੋਕ੍ਰੈਟਿਕ ਟੀਚਰਜ਼ ਜਿਲ੍ਹਾ ਫਾਜ਼ਿਲਕਾ ਦੇ ਆਗੂਆਂ ਰਮੇਸ਼ ਸੱਪਾਂ ਵਾਲੀ,ਬਲਜਿੰਦਰ ਗਰੇਵਾਲ,ਹਰੀਸ਼ ਕੁਮਾਰ, ਨੋਰੰਗ ਲਾਲ,ਜਗਦੀਸ਼ ਸੱਪਾਂ ਵਾਲੀ,ਵਰਿੰਦਰ ਲਾਧੂਕਾ,ਕ੍ਰਿਸ਼ਨ ਲਾਲ ਸੱਪਾਂ ਵਾਲੀ,ਭਾਰਤ ਭੂਸ਼ਣ,ਵਰਿੰਦਰ ਕੁੱਕੜ, ਬੱਗਾ ਸਿੰਘ ਅਤੇ ਓਮ ਪ੍ਰਕਾਸ਼ ਡੰਗਰ ਖੇੜਾ ਨੇ ਕਿਹਾ ਕਿ ਵਿਭਾਗ ਵੱਲੋਂ ਸਮੇਂ ਸਿਰ ਬਦਲੀਆਂ ਨਾ ਕਰਨਾ ਅਤੇ ਬਦਲੀਆਂ ਦੀ ਥਾਂ ਡੈਪੂਟੇਸ਼ਨਾਂ ਕਰਨਾ ਵਿਭਾਗ ਵਿੱਚ ਰਾਜਨੀਤਕ ਦਖ਼ਲਅੰਦਾਜ਼ੀ ਦਾ ਹੀ ਸਬੂਤ ਹੈ। ਆਗੂਆਂ ਨੇ ਮੰਗ ਕੀਤੀ ਕਿ ਬਦਲੀ ਪੋਰਟਲ ਸਟੇਸ਼ਨ ਚੋਣ ਲਈ ਤੁਰੰਤ ਖੋਲ੍ਹਿਆ ਜਾਵੇ ਅਤੇ ਈ ਟੀ ਟੀ ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਅਤੇ ਪੀ ਟੀ ਆਈ ਤੋਂ ਡੀ ਪੀ ਈ ਵਜੋਂ ਦੂਰੇਡੇ ਸਟੇਸ਼ਨਾਂ 'ਤੇ ਤਰੱਕੀਆਂ ਲੈਣ ਵਾਲੇ ਅਧਿਆਪਕਾਂ ਨੂੰ ਵੀ ਬਦਲੀਆਂ ਦਾ ਮੌਕਾ ਦਿੱਤਾ ਜਾਵੇ।

# ਮੋਬਾਇਲ ਫੋਨ ਅਤੇ ਬੱਚੇ

ਲੋਕ ਬਾਣੀ, ਮੋਬਾਇਲ ਫੋਨ, ਜੋ ਕਿ ਵਰਤਮਾਨ ਸੰਸਾਰ ਵਿੱਚ ਸੰਚਾਰ ਦਾ ਸਭ ਤੋਂ ਹਰਮਨ ਪਿਆਰਾ ਸਾਧਨ ਬਣ ਗਿਆ ਹੈ। ਭਾਵੇਂ ਕਿ ਸਾਨੂੰ ਟੈਕਨੋਲੋਜੀ ਦਾ ਹਾਣੀ ਬਣਨਾ ਸਮੇਂ ਦੀ ਲੋੜ ਹੈ। ਫਿਰ ਵੀ ਸਾਨੂੰ ਹਰ ਸਮੇਂ ਮੋਬਾਇਲ ਦੀ ਵਰਤੋ ਨਹੀਂ ਕਰਨੀ ਚਾਹੀਦੀ। ਬੱਚਿਆਂ ਵਿੱਚ ਵੱਧ ਰਿਹਾ ਮੋਬਾਇਲ ਵਰਤੋਂ ਦਾ ਰੁਝਾਨ ਉਹਨਾਂ ਦੇ ਭਵਿੱਖ ਅਤੇ ਸਿਹਤ ਲਈ ਬਹੁਤ ਹਾਨੀਕਾਰਕ ਸਾਬਤ ਹੋ ਸਕਦਾ ਹੈ। ਬੱਚਿਆਂ ਵਿੱਚ ਮੋਬਾਇਲ ਫੋਨ ਰੁਝਾਨ ਵਧਣ ਦਾ ਕਾਰਨ ਕਿਤੇ ਨਾ ਕਿਤੇ ਉਹਨਾਂ ਦੇ ਮਾਪੇ ਵੀ ਹਨ। ਕਿਉਂਕਿ ਮਾਵਾਂ ਆਪਣੇ ਕੰਮਾਂ ਨੂੰ ਖਤਮ ਕਰਨ ਲਈ ਬੱਚਿਆਂ ਦੇ ਹੱਥਾਂ ਵਿੱਚ ਮੋਬਾਇਲ ਪਕੜਾ ਕੇ ਬਿਠਾ ਦਿੰਦਿਆਂ ਹਨ। ਹੋਰ ਤੇ ਹੋਰ ਮਾਪੇ ਆਪਣੇ ਨਵ ਜੰਮੇ ਬੱਚਿਆਂ ਨੂੰ ਵੀਡਿਉ ਆਦਿ ਲਗਾ ਕੇ ਬੱਚਿਆਂ ਨੂੰ ਦਿਖਾਉਂਦੇ ਹਨ। ਤਾਂ ਜੋ ਬੱਚਾ ਰੋਏ ਨਾਂ। ਅੱਜਕੱਲ੍ਹ ਬੱਚਿਆਂ ਦਾ ਖਾਣਾਂ ਪੀਣਾਂ, ਪੜ੍ਹਾਈ ਆਦਿ ਸਭ ਕੁਝ ਮੋਬਾਇਲ ਨਾਲ ਜੁੜ ਗਿਆ ਹੈ। ਬੱਚਿਆਂ ਵਿੱਚ ਮੋਬਾਇਲ ਵਰਤੋਂ ਦਾ ਜਿਆਦਾ ਪ੍ਰਭਾਵ ਕਰੋਨਾਂ ਕਾਲ ਵੇਲੇ ਸ਼ੁਰੂ ਹੋਇਆ ਸੀ। ਕਿਉਂਕਿ ਉਦੋਂ ਸਕੂਲ ਕਾਲਜ ਬੰਦ ਹੋਣ ਕਾਰਨ ਬੱਚਿਆਂ ਦਾ ਪੜ੍ਹਾਈ ਆਨਲਾਈਨ ਸ਼ੁਰੂ ਹੋ ਗਈ ਸੀ। ਬੱਚੇ ਚਾਰ ਪੰਜ ਘੰਟੇ ਆਪਣੇ ਮੋਬਾਇਲ ਫੋਨ ਜਾਂ ਲੈਪਟਾਪ ਤੇ ਹੀ ਹੋਮਵਰਕ ਕਰਦੇ ਰਹਿੰਦੇ ਸਨ। ਕਰੋਨਾ ਤੇ ਤਾਂ ਕਾਬੂ ਪਾ ਲਿਆ ਪਰ ਬਦਕਿਸਮਤੀ ਨਾਲ ਮੋਬਾਇਲ ਫੋਨ ਦੀ ਲਤ ਸਾਡੇ ਬੱਚਿਆਂ ਵਿੱਚ ਛੱਡ ਗਿਆ। ਮੋਬਾਇਲ ਫੋਨ ਸਰੀਰਿਕ ਅਤੇ ਮਾਨਸਿਕ ਤੌਕ ਤੇ ਪ੍ਰਭਾਵਿਤ ਕਰ ਰਿਹਾ ਹੈ। ਜੇਕਰ ਅਸੀਂ ਸਰੀਰਿਕ ਪ੍ਰਭਾਵ ਦੀ ਗੱਲ ਕਰੀਏ ਦਾ ਬੱਚਿਆਂ ਵਿੱਚ ਮੋਟਾਪਾ ਵੱਧ ਰਿਹਾ ਹੈ। ਕਿਉਂਕਿ ਬੱਚੇ ਖੇਡਣ ਦੀ ਥਾਂ ਮੋਬਾਇਲ ਫੋਨ ਨਾਲ ਹੀ ਚਿੰਬੜੇ ਰਹਿੰਦੇ ਹਨ। ਮੋਬਾਇਲ ਫੋਨ ਦੀ ਵਰਤੋਂ ਕਾਰਣ ਬੱਚਿਆਂ ਮਾਨਸਿਕ ਤਣਾਅ ਬਹੁਤ ਵੱਧ ਗਿਆ ਹੈ। ਉਹਨਾਂ ਦਾ ਸੁਭਾਅ ਚਿੜਚਿੜਾ, ਸਿਰ ਦਰਦ, ਨਿਗਾਹ ਘਟਣਾ ਆਦਿ ਰੋਗ ਪੈਦਾ ਹੋ ਰਹੇ ਹਨ। ਮੋਬਾਇਲ ਫੋਨ ਦੀ ਰੈਡੀਏਸ਼ਨ ਬੱਚਿਆਂ ਦੀ ਸਿਹਤ ਉੱਤੇ ਬੁਰਾ ਪ੍ਰਭਾਵ ਪਾ ਰਹੀਆਂ ਹਨ। ਇੱਥੋਂ ਤੱਕ ਕਿ ਮੋਬਾਇਲ ਫੋਨ ਨਾ ਮਿਲਣ ਕਾਰਨ ਬੱਚੇ ਆਤਮ ਹੱਤਿਆ ਕਰਨ ਤੱਕ ਜਾਂਦੇ ਹਨ। ਸੋ ਬੱਚਿਆਂ ਨੂੰ ਮੋਬਾਇਲ ਫੋਨ ਤੋਂ ਦੂਰ ਰੱਖਣ ਲਈ ਮਾਤਾ ਪਿਤਾ ਨੂੰ ਵੀ ਆਪਣਾ ਫ਼ਰਜ਼ ਨਿਭਾਉਣਾ ਚਾਹੀਦਾ ਹੈ। ਅਤੇ ਆਪਣੇ ਬੱਚਿਆਂ ਨਾਲ ਸਮਾਂ ਬਤੀਤ ਕਰਨਾਂ ਚਾਹੀਦਾ ਹੈ। ਘਰ ਵਿੱਚ ਬੱਚਿਆਂ ਨਾਲ ਖੇਡਾਂ ਖੇਡਣੀਆਂ ਚਾਹੀਦੀਆਂ ਹਨ। ਜੇਕਰ ਅਸੀਂ ਆਪਣੇ ਬੱਚਿਆਂ ਨੂੰ ਮੋਬਾਇਲ ਫੋਨ ਤੋਂ ਦੂਰ ਨਾ ਕੀਤਾ ਤਾਂ ਹਰ ਘਰ ਦਿਮਾਗ ਦੇ ਡਾਕਟਰ ਰੱਖਣੇ ਲਾਜ਼ਮੀ ਹੋ ਜਾਣਗੇ।

**ਨਾਮ -ਸੁਰਜੀਤ ਕੰਬੋਜ਼ ਈ.ਈ.ਟੀ**
**ਅਧਿਆਪਕ ਸ.ਪ੍ਰ.ਸ. ਤੇਲੂਪੁਰਾ।**



# ਕੌਮਫੀ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੀਆਂ ਵਿਦਿਆਰਥਣਾਂ ਨੇ ਜ਼ੋਨ ਪੱਧਰੀ ਸ਼ਤਰੰਜ ਮੁਕਾਬਲੇ 'ਚ ਲਹਿਰਾਇਆ ਪਰਚਮ

**ਵਿਦਿਆਰਥੀਆਂ ਨੇ ਸ਼ਾਨਦਾਰ ਖੇਡ ਕੌਸ਼ਲ ਨਾਲ ਇਲਾਕੇ ਦਾ ਨਾਂ ਰੌਸ਼ਨ ਕੀਤਾ**

ਫਾਜ਼ਿਲਕਾ, (ਰਾਜ ਅਰੋੜਾ / ਪ੍ਰਵੀਨ ਕੁਮਾਰ)-ਫਾਜ਼ਿਲਕਾ ਦੇ ਕੌਮਫੀ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੀ ਅੱਠਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਜ਼ੋਨ ਪੱਧਰੀ ਅੰਡਰ-14 ਸ਼ਤਰੰਜ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ। ਸਕੂਲ ਦੀ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਗੌਰਵ ਸ਼ੀਂਝਾ, ਐਮ.ਡੀ. ਕਮਲਜੀਤ ਸ਼ੀਂਝਾ ਅਤੇ ਪ੍ਰਿੰਸੀਪਲ ਸ਼ੀਨਮ ਨਾਗਪਾਲ ਦੀ ਅਗਵਾਈ ਹੇਠ ਵਿਦਿਆਰਥਣਾਂ ਨੂੰ ਲਗਾਤਾਰ ਖੇਡਾਂ ਲਈ ਉਤਸ਼ਾਹਤ ਕੀਤਾ ਗਿਆ। ਇਸ ਮੁਕਾਬਲੇ ਵਿੱਚ ਫਾਜ਼ਿਲਕਾ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਕਿਰਨਜੀਤ ਅਤੇ ਏਕਮਜੋਤ ਦਾ ਜ਼ਿਲ੍ਹਾ ਪੱਧਰੀ ਮੁਕਾਬਲੇ ਲਈ ਚੋਣ-ਟੀਮ ਦੀਆਂ ਚਾਰੋ ਵਿਦਿਆਰਥਣਾਂ ਕਿਰਨਜੀਤ ਕੌਰ, ਏਕਮਜੋਤ ਕੌਰ, ਜੈਸਮਿਨ ਅਤੇ ਮਹਕਪ੍ਰੀਤ ਨੇ ਪੂਰੇ ਆਤਮ ਵਿਸ਼ਵਾਸ ਨਾਲ ਮੁਕਾਬਲਿਆਂ ਵਿੱਚ ਭਾਗ ਲਿਆ।




ਵਧੀਆ ਪ੍ਰਦਰਸ਼ਨ ਦੇ ਆਧਾਰ 'ਤੇ ਕਿਰਨਜੀਤ ਕੌਰ ਅਤੇ ਏਕਮਜੋਤ ਕੌਰ ਦੀ ਚੋਣ ਹੁਣ ਜ਼ਿਲ੍ਹਾ ਪੱਧਰੀ ਸ਼ਤਰੰਜ ਮੁਕਾਬਲਿਆਂ ਲਈ ਕੀਤੀ ਗਈ ਹੈ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪੰਜ ਦਿਨਾਂ ਸਿਖਲਾਈ ਪ੍ਰੋਗਰਾਮ ਦੌਰਾਨ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਬਾਰੇ ਕੀਤਾ ਗਿਆ ਜਾਗਰੂਕ

ਅਬੋਹਰ, ਫਾਜ਼ਿਲਕਾ(ਰਾਜ ਅਰੋੜਾ/ਪ੍ਰਵੀਨ ਕੁਮਾਰ)-ਕ੍ਰਿਸ਼ੀ ਵਿਗਿਆਨ ਕੇਂਦਰ, ਫਾਜ਼ਿਲਕਾ ਨੇ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ - ਕੇਂਦਰੀ ਪ੍ਰੋਸੈਸਿੰਗ ਤਕਨਾਲੋਜੀ ਸੰਸਥਾ (ਆਈ.ਸੀ.ਏ.ਆਰ ਸਿਫੇਟ), ਅਬੋਹਰ ਦੇ ਸਹਿਯੋਗ ਨਾਲ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ 'ਤੇ ਪੰਜ ਦਿਨਾਂ ਸਿਖਲਾਈ ਪ੍ਰੋਗਰਾਮ ਚੱਲ ਰਿਹਾ ਹੈ।

ਪ੍ਰੋਗਰਾਮ ਦਾ ਉਦਘਾਟਨ ਕ੍ਰਿਸ਼ੀ ਵਿਗਿਆਨ ਕੇਂਦਰ ਫਾਜ਼ਿਲਕਾ ਦੇ ਮੁਖੀ ਡਾ. ਅਰਵਿੰਦ ਕੁਮਾਰ ਅਹਲਾਵਤ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੇ ਮਾੜੇ ਪ੍ਰਭਾਵਾਂ ਅਤੇ ਇਸਦੇ ਵਿਕਲਪਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਹੈਪੀ ਸੀਡਰ, ਸੁਪਰ ਸਟਰਾਅ ਮੈਨੇਜਮੈਂਟ ਸਿਸਟਮ (ਐਸ.ਐਮ.ਐਸ) ਆਦਿ ਵਰਗੀਆਂ ਆਧੁਨਿਕ ਮਸ਼ੀਨਾਂ ਦੀ ਮਦਦ ਨਾਲ, ਅਗਲੀ ਫਸਲ ਦੀ ਬਿਜਾਈ ਪਰਾਲੀ ਨੂੰ ਸਾੜਨ ਤੋਂ ਬਿਨਾਂ ਸੰਭਵ ਹੈ। ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ ਸ੍ਰੀ. ਭੁਪਿੰਦਰ ਸਿੰਘ ਬਰਾੜ ਨੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ, ਖੇਤੀ ਦੀਆਂ ਨਵੀਆਂ ਤਕਨੀਕਾਂ ਅਤੇ ਸਰਕਾਰੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀ ਫਸਲ ਦੀ ਰਹਿੰਦ ਖੂੰਹਦ ਨੂੰ ਖੇਤਾਂ ਵਿੱਚ ਹੀ ਵਾਹੁਣ ਅਜਿਹਾ ਕਰਨ ਨਾਲ ਜਿੱਥੇ ਸਾਡੀ ਹਵਾ ਪ੍ਰਦੂਸ਼ਿਤ ਨਹੀਂ ਹੋਵੇਗੀ ਉੱਥੇ ਹੀ ਜਮੀਨ ਦੀ ਉਪਜਾਊ ਸਕਤੀ ਵੀ ਵਧੇਗੀ।




# ਸਰਕਾਰ ਦੀ ਕਾਰਵਾਈ ਕਾਰਨ ਸਹਾਰਾ ਇੰਡੀਆ ਬਰਬਾਦ, ਲੱਖਾਂ ਬੇਰੁਜ਼ਗਾਰ : ਬਕਾਏ ਦੀ ਅਦਾਇਗੀ ਦੀ ਮੰਗ

ਸੁਨੀਲ ਬਾਜਪਾਈ, ਕਾਨਪੁਰ। ਜਿਸਨੇ ਬਹੁਤ ਮਿਹਨਤ ਨਾਲ ਕਾਰੋਬਾਰ ਅਤੇ ਉਦਯੋਗਿਕ ਤਰੱਕੀ ਰਾਹੀਂ ਲੱਖਾਂ ਲੋਕਾਂ ਨੂੰ ਰੁਜ਼ਗਾਰ ਦਿੱਤਾ। ਜਿਸਨੇ ਦੇਸ਼ ਦਾ ਮਾਣ ਵੀ ਵਧਾਇਆ। ਸਹਾਰਾ ਸਮੂਹ ਦੇ ਮੁਖੀ ਰਹੇ ਸਹਾਰਾ ਸ਼੍ਰੀ ਸੁਬਰਤ ਰਾਏ ਸਹਾਰਾ ਦਾ ਬੁੱਤ ਲਗਾਇਆ ਜਾਣਾ ਚਾਹੀਦਾ ਹੈ। ਇਹ ਮੰਗ ਕਰਦੇ ਹੋਏ ਹਿੰਦ ਮਜ਼ਦੂਰ ਕਿਸਾਨ ਪੰਚਾਇਤ ਦੇ ਰਾਸ਼ਟਰੀ ਸਕੱਤਰ ਸੀਨੀਅਰ ਮਜ਼ਦੂਰ ਨੇਤਾ ਰਾਕੇਸ਼ ਮਨੀ ਪਾਂਡੇ ਨੇ ਕਿਹਾ ਕਿ ਸੁਬਰਤ ਰਾਏ ਵਰਗੇ ਆਮ ਵਿਅਕਤੀ ਨੇ ਆਪਣੇ ਔਖੇ ਹਾਲਾਤਾਂ ਨੂੰ ਪਾਰ ਕਰਦਿਆਂ ਨਾ ਸਿਰਫ਼ ਦੇਸ਼ ਅਤੇ ਵਿਦੇਸ਼ਾਂ ਵਿੱਚ ਆਪਣੀ ਜਗ ?ਹਾ ਬਣਾਈ ਬਲਕਿ ਸਿੱਧੇ ਅਤੇ ਅਸਿੱਧੇ ਤੌਰ 'ਤੇ 50 ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਵੀ ਦਿੱਤਾ। ਪ੍ਰਸਿੱਧ ਮਜ਼ਦੂਰ ਨੇਤਾ ਰਾਕੇਸ਼ ਮਨੀ ਪਾਂਡੇ ਨੇ ਕਿਹਾ ਕਿ ਸਹਾਰਾ ਪਰਿਵਾਰ ਨੇ ਇੱਕ ਦਿਨ ਵਿੱਚ ਇੱਕ ਲੱਖ ਸਹਾਰਾ ਕਿਊ ਸ਼ਾਪ ਸੈਂਟਰ ਸਥਾਪਤ ਕਰਕੇ ਇੱਕ ਰਿਕਾਰਡ ਕਾਇਮ ਕੀਤਾ ਹੈ, ਜਿਸ ਵਿੱਚ ਕਈ ਲੱਖ ਲੋਕ ਸਿੱਧੇ ਅਤੇ ਅਸਿੱਧੇ ਤੌਰ 'ਤੇ ਜੁੜੇ ਹੋਏ ਸਨ। ਉਹ ਵੀ ਸਰਕਾਰ ਦੇ ਮਾੜੇ ਇਰਾਦੇ ਕਾਰਨ ਬੰਦ ਹੋ ਗਿਆ ਅਤੇ ਲੋਕ ਸੜਕਾਂ 'ਤੇ ਆ ਗਏ। ਸਹਾਰਾ ਪਰਿਵਾਰ ਨੇ ਹਜ਼ਾਰਾਂ ਲੋਕਾਂ ਨੂੰ ਦੁਕਾਨਾਂ ਬਣਾਈਆਂ ਅਤੇ ਅਲਾਟ ਕੀਤੀਆਂ ਸਨ, ਜਿਸ ਕਾਰਨ ਲੋਕ ਰੁਜ਼ਗਾਰ ਵਿੱਚ ਲੱਗੇ ਹੋਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਰੋਜ਼ਾਨਾ ਮੁਲਾਜ਼ਮਾਂ ਅਤੇ ਖਪਤਕਾਰਾਂ ਦੇ ਦਫ਼ਤਰ ਸੀਲ ਕਰਕੇ ਉਨ੍ਹਾਂ ਦੇ ਸਾਰੇ ਲਾਭਾਂ ਨੂੰ ਮੁਅੱਤਲ ਕਰਨ ਅਤੇ ਖਤਮ ਕਰਨ ਵੱਲ ਕੰਮ ਕਰ ਰਹੀ ਹੈ।



ਦੇਸ਼ ਅਤੇ ਸਮਾਜ ਦੇ ਹਿੱਤ ਵਿੱਚ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਸਨਮਾਨ ਕਰਨ ਲਈ ਲਖਨਊ ਦੇ ਕਪੂਰਥਲਾ ਕਰਾਸਿੰਗ 'ਤੇ ਸਹਾਰਾ ਸ਼੍ਰੀ ਸੁਬਰਤ ਰਾਏ ਦੀ ਮੂਰਤੀ ਲਗਾਉਣ ਦੀ ਜ਼ੋਰਦਾਰ ਮੰਗ ਕਰਦੇ ਹੋਏ, ਸੀਨੀਅਰ ਸਮਯ ਨੇਤਾ ਰਾਕੇਸ਼ ਮਨੀ ਪਾਂਡੇ ਨੇ ਕਿਹਾ ਕਿ ਕਪੂਰਥਲਾ ਕਰਾਸਿੰਗ 'ਤੇ ਸਹਾਰਾ ਸ਼੍ਰੀ ਦੀ ਮੂਰਤੀ ਲਗਾਉਣਾ ਅੱਜ ਦੇ ਸੰਦਰਭ ਵਿੱਚ ਬਹੁਤ ਮਹੱਤਵਪੂਰਨ ਹੈ। ਕਿਉਂਕਿ ਅਜਿਹਾ ਕਰਨ ਨਾਲ ਦੇਸ਼ ਅਤੇ ਸਮਾਜ ਦੇ ਹਿੱਤ ਵਿੱਚ ਲੋਕਾਂ ਨੂੰ ਪ੍ਰੇਰਿਤ ਵੀ ਹੋਵੇਗਾ। ਰਾਕੇਸ਼ ਮਨੀ ਪਾਂਡੇ ਨੇ ਇਹ ਵੀ ਦੋਸ਼ ਲਾਇਆ ਕਿ ਸਰਕਾਰ ਦੀ ਦੂਰਦਰਸ਼ੀ ਸੋਚ ਦੇ ਨਤੀਜੇ ਵਜੋਂ, ਅੱਜ ਲੱਖਾਂ ਲੋਕ ਬੇਰੁਜ਼ਗਾਰ ਹਨ। ਉਨ੍ਹਾਂ ਕਿਹਾ ਕਿ ਈਡੀ ਰਾਹੀਂ ਸਰਕਾਰ ਵੱਲੋਂ ਕੀਤੀ ਗਈ ਅਨੁਚਿਤ ਕਾਰਵਾਈ ਕਾਰਨ ਉਨ੍ਹਾਂ ਦੀ ਗ੍ਰੈਚੁਟੀ, ਕੀਤੇ ਗਏ ਕੰਮ ਲਈ ਤਨਖਾਹ, ਬੋਨਸ, ਪ੍ਰਾਵੀਡੈਂਟ ਫੰਡ ਯੋਗਦਾਨ ਆਦਿ ਦੀ ਅਦਾਇਗੀ ਪ੍ਰਭਾਵਿਤ ਹੋਈ ਹੈ।

# ਚੁੱਪ ਕਰਕੇ

ਕਿਤੇ ਮਿਲੇ ਤੇ ਦੁੱਖੜੇ ਫੋਲ ਲਵਾਂ,  
ਚੁੱਪ ਕਰਕੇ ਵਕਤ ਲਘਾਉਨੀ ਆਂ ।

ਲਾਇਆ ਇਸ਼ਕ ਦਾ ਰੋਗ ਅਵੱਲੜਾ ਵੇ,  
ਇਸ ਜੱਗ ਦੇ ਕੋਲੋਂ ਲੁਕਾਉਨੀ ਆਂ ।

ਤੂੰ ਮਾਰ ਉਡਾਰੀ ਮੁੜਿਆ ਨਾ ,  
ਨਿੱਤ ਔਸ਼ੀਆਂ ਤੇਰੀਆਂ  
ਪਾਉਨੀ ਆਂ ।

ਦਿਲ ਚੰਦਰਾ ਤਰਸੇ  
ਵੇਖਣ ਨੂੰ ,  
ਮੈਂ ਗੀਤ ਹਿਜ਼ਰ ਦੇ ਗਾਉਨੀ ਆਂ ।

ਜਿਸ ਥਾਂ ਤੇ ਆਪਾਂ ਮਿਲਦੇ ਰਹੇ,  
ਨਿੱਤ ਫੇਰੇ ਸਜਨਾ ਪਾਉਨੀ ਆਂ ।

ਨਾ ਝੱਲਿਆ ਜਾਏ ਵਿਛੋੜਾ ਵੇ ,  
ਰੋ ਰੋ ਕੇ ਵਕਤ ਟਪਾਉਨੀ ਆਂ।

ਇਕ ਆਸ 'ਨਿਮਾਣਿਆ' ਮਿਲਣੇ ਦੀ ,  
ਮਨ ਨੂੰ ਮੈਂ ਨਿੱਤ ਸਮਝਾਉਨੀ ਆਂ ।

ਲੇਖਕ --ਜਗਨ ਨਾਥ,ਨਿਮਾਣਾ  
ਉਦੋਕੇ, ਮ-9501389922,





# ਸਿੱਧ ਬਾਬਾ ਬਾਲਕ ਨਾਥ ਜੀ ਮੰਦਰ ਸ੍ਰੀ ਰਾਮ ਐਵਨੀਓ ਵਿਖੇ ਤਿੰਨ ਦਿਨਾਂ ਕਰਵਾਇਆ ਧਾਰਮਿਕ ਪ੍ਰੋਗਰਾਮ

**ਪੂਜਾ ਅਰਚਨਾ ਕਰਦਿਆਂ ਮਾਤਾ ਸ਼ੇਰਾਂ ਵਾਲੀ ਜੀ,ਸ਼ਿਵ ਪਰਿਵਾਰ ਅਤੇ ਬਜਰੰਗ ਬਲੀ ਦੀਆਂ ਮੂਰਤੀਆਂ ਕੀਤੀਆਂ ਸਥਾਪਿਤ**

ਅੰਮ੍ਰਿਤਸਰ, (ਲੋਕ ਬਾਣੀ)-ਮੰਦਿਰ ਸਿੱਧ ਬਾਬਾ ਬਾਲਕ ਨਾਥ ਜੀ,ਸ੍ਰੀ ਰਾਮ ਐਵਨੀਓ, ਮਜੀਠਾ ਰੋਡ ਵਿਖੇ 27 ਤੋਂ 29 ਜੁਲਾਈ ਤੱਕ ਤਿੰਨ ਦਿਨਾਂ ਧਾਰਮਿਕ ਪ੍ਰੋਗਰਾਮ ਕਰਵਾਇਆ ਗਿਆ। ਜਿਸ ਦੇ ਚੱਲਦਿਆਂ ਧਾਰਮਿਕ ਤਰੀਕੇ ਨਾਲ ਮੰਤਰ ਉਚਾਰਨ ਕਰਦਿਆਂ ਮਾਤਾ ਸ਼ੇਰਾਂ ਵਾਲੀ ਜੀ ਸ਼ਿਵ ਪਰਿਵਾਰ ਅਤੇ ਬਜਰੰਗ ਬਲੀ ਜੀ ਦੀਆਂ ਪਵਿੱਤਰ ਮੂਰਤੀਆਂ ਦੀ ਸਥਾਪਨਾ ਵੀ ਕੀਤੀ ਗਈ। ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹੋਏ ਹਵਨ ਯੱਗ ਕਰਵਾਇਆ ਗਿਆ। ਜਿਸ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਵੱਲੋਂ ਹਾਜ਼ਰੀਆਂ ਭਰੀਆਂ ਗਈਆਂ। ਸਾਵਨ ਦੇ ਮਹੀਨੇ ਨੂੰ ਲੈ ਕੇ ਕਮੇਟੀ ਵੱਲੋਂ ਖੀਰ ਪੂੜਿਆਂ ਦਾ ਅਟੁੱਟ ਲੰਗਰ ਵੀ ਲਗਾਇਆ ਗਿਆ। ਇਸ ਦੌਰਾਨ ਦੌਰਾਨ ਕਮੇਟੀ ਦੇ ਅਹੁਦੇਦਾਰ ਚਰਨ ਦਾਸ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਪ੍ਰੋਗਰਾਮ ਦੇ ਦੌਰਾਨ ਪੰਜਾਬ ਭਾਜਪਾ ਦੀ ਸਾਬਕਾ ਸੈਕਟਰੀ,ਵਾਰਡ ਇੰਚਾਰਜ ਲਵਲੀਨ ਵੜੈਚ,ਕੌਂਸਲਰ ਪ੍ਰਿਅੰਕਾ ਸ਼ਰਮਾ, ਪੱਤਰਕਾਰ ਅਰਵਿੰਦਰ ਵੜੈਚ ਸਮੇਤ ਮੁੱਖ ਮਹਿਮਾਨਾਂ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ।



# ਇਲਾਕੇ ਦੀਆਂ ਮੁਸ਼ਕਿਲਾਂ ਤੋਂ ਪ੍ਰੇਸ਼ਾਨ 18 ਸਾਲ ਨੌਜਵਾਨ ਜਸਪ੍ਰੀਤ ਸਿੰਘ ਨੇ ਦਿਖਾਇਆ ਜੋਸ਼

**ਸਰਕਾਰ ਤੇ ਅਧਿਕਾਰੀਆਂ ਨੂੰ ਜਗਾਉਣ ਲਈ ਨਗਰ ਨਿਗਮ ਦਫਤਰ ਅੱਗੇ ਤਖਤੀ ਲੈ ਕੇ ਮੁਸ਼ਕਿਲਾਂ ਦੇ ਹੱਲ ਦੀ ਲਗਾਈ ਗੁਹਾਰ**

ਅੰਮ੍ਰਿਤਸਰ, (ਲੋਕ ਬਾਣੀ)- ਸਰਕਾਰ ਦੇ ਲੀਡਰਾਂ ਦੇ ਝੂਠੇ ਦਾਅਵਿਆਂ ਦੇ ਵਾਅਦਿਆਂ ਦੀ ਹਵਾ ਉਸ ਵੇਲੇ ਨਿਕਲਦੀ ਹੋਈ ਨਜ਼ਰ ਆਉਂਦੀ ਹੈ ਜਦੋਂ ਗੁਰੂ ਨਗਰੀ ਦੀਆਂ ਵਾਰਡਾਂ ਦੇ ਲੋਕ ਮੁਸ਼ਕਿਲਾਂ ਨੂੰ ਲੈ ਕੇ ਅਕਸਰ ਪਰੇਸ਼ਾਨ ਹੁੰਦੇ ਹੋਏ ਨਜ਼ਰ ਆਉਂਦੇ ਹਨ। ਦੂਸਰਿਆਂ ਦੇ ਲਈ ਇੱਕ ਮਿਸਾਲ ਬਣਦੇ ਹੋਏ ਵਾਰਡ ਦੀਆਂ ਮੁਸ਼ਕਿਲਾਂ ਤੋਂ ਪ੍ਰੇਸ਼ਾਨ ਵਾਰਡ ਵਾਸੀਆਂ ਦੇ ਹੱਕ ਵਿੱਚ ਉਤਰੇ 18 ਸਾਲਾਂ ਨੌਜਵਾਨ ਜਸਪ੍ਰੀਤ ਸਿੰਘ ਨੇ ਜਿਲਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੀਆਂ ਅੱਖਾਂ ਅਤੇ ਕੰਨ ਖੋਲਣ ਦੇ ਉਦੇਸ਼ ਦੇ ਨਾਲ ਮੰਗਾਂ ਦੇ ਨਿਪਟਾਰੇ ਦੀ ਮੰਗ ਕਰਦੇ ਹੋਏ ਨਗਰ ਨਿਗਮ ਦੇ ਦਫਤਰ ਅੱਗੇ ਗੁਹਾਰ ਲਗਾਉਂਦੇ ਹੋਏ ਨਜ਼ਰ ਆਏ। ਬਾਰਵੀਂ ਕਰਨ ਤੋਂ ਬਾਅਦ ਯੂਨੀਵਰਸਿਟੀ ਦੇ ਵਿੱਚ ਐਲਐਲਬੀ ਦੇ ਦਾਖਲਾ ਲੈਣ ਤੋਂ ਪਹਿਲਾਂ ਜਸਪ੍ਰੀਤ ਸਿੰਘ ਆਪਣੀ ਵਾਰਡ ਨੰਬਰ 65 ਦੇ ਇਲਾਕੇ ਗੁਰੂ ਅਰਜਨ ਦੇਵ ਨਗਰ ਦੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੇ ਹੋਏ ਨਜ਼ਰ ਆਏ ਹਨ। ਜਸਪ੍ਰੀਤ ਨੇ ਦੱਸਿਆ ਕਿ ਉਹ ਰਿਸ਼ਤੇਦਾਰੀ ਦੇ ਵਿੱਚ ਸਾਂਸਦ ਗੁਰਜੀਤ ਸਿੰਘ ਔਜਲਾ ਦੇ ਭਤੀਜੇ ਹਨ। ਇਲਾਕੇ ਦੀਆਂ ਮੁਸ਼ਕਿਲਾਂ ਨੂੰ ਲੈ ਕੇ ਐਮ ਸੇਵਾ ਐਪ ਦੇ ਜਰੀਏ ਸ਼ਿਕਾਇਤਾਂ ਵੀ ਦਰਜ ਕਰਵਾਈਆਂ ਪਰ ਅੱਜ ਤੱਕ ਸਭ ਬੇਕਾਰ ਹੀ ਹੋਈਆਂ ਹਨ। ਉਸ ਨੇ ਕਿਹਾ ਕਿ ਗੱਲੀ ਬਾਤੀ ਹੀ ਸਮਾਂ ਪਾਸ ਹੋ ਰਿਹਾ ਹੈ ਜਦਕਿ ਲੋਕਾਂ ਦੀਆਂ ਮੁਸ਼ਕਿਲਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਉਹਨਾਂ ਨੇ ਦੱਸਿਆ ਕਿ ਇਲਾਕੇ ਵਿੱਚ ਸੜਕਾਂ ਦੀ ਖਸਤਾ ਹਾਲਤ ਹੈ ਗੰਦਗੀ ਦੇ ਨਾਲ ਨਾਲ ਪਾਣੀ ਦੀ ਨਿਕਾਸੀ ਸਹੀ ਤਰੀਕੇ ਨਾਲ ਨਹੀਂ ਹੋ ਰਹੀ ਹੈ ਅਤੇ ਪੀਣ ਯੋਗ ਪਾਣੀ ਵੀ ਸਹੀ ਨਹੀਂ ਆ ਰਿਹਾ ਹੈ। ਉਹਨਾਂ ਦਾ ਕਹਿਣਾ ਹੈ ਕਿ ਸਰਕਾਰ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਮੁਸ਼ਕਿਲਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸੰਦੇਸ਼ ਦਿੰਦੇ ਹੋਏ ਕਿਹਾ ਕਿ ਸਾਡੇ ਹੱਥਾਂ ਦੇ ਵਿੱਚ ਪੰਜਾਬ ਅਤੇ ਦੇਸ਼ ਦਾ ਭਵਿੱਖ ਹੈ। ਇਸ ਦੇ ਲਈ ਨੌਜਵਾਨ ਵਰਗ ਨੂੰ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਇਲਾਕੇ ਦੀਆਂ ਮੁਸ਼ਕਿਲਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਦੇ ਨਾਲ ਰੋਸ ਪ੍ਰਦਰਸ਼ਨ ਕੀਤੇ ਜਾਣਗੇ।



# ਸ੍ਰੀਮਤੀ ਰਾਜਬੀਰ ਕੌਰ ਕਲਸੀ ਦੀ ਪ੍ਰਧਾਨਗੀ ਹੇਠ ਮਹਿਲਾ ਵਿੰਗ ਦੀ ਮੀਟਿੰਗ ਹੋਈ

**ਆਪ ਪਾਰਟੀ ਦੀਆਂ ਨੀਤੀਆਂ ਤੇ ਲੋਕਪੱਖੀ ਫੈਸਲਿਆਂ ਨੂੰ ਘਰ-ਘਰ ਪਹੁੰਚਾਇਆ ਜਾਵੇਗਾ-ਸ੍ਰੀਮਤੀ ਰਾਜਬੀਰ ਕੌਰ ਕਲਸੀ**

ਬਟਾਲਾ, (ਜਸਵਿੰਦਰ ਸਿੰਘ) ਆਮ ਆਦਮੀ ਪਾਰਟੀ ਦੇ ਮਹਿਲਾ ਵਿੰਗ ਨੂੰ ਹੋਰ ਮਜ਼ਬੂਤ ਕਰਨ ਅਤੇ ਪਾਰਟੀ ਦੀਆਂ ਲੋਕਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦੇ ਮੰਤਵ ਨਾਲ ਬਟਾਲਾ ਵਿਖੇ ਮਹਿਲਾ ਵਿੰਗ ਦੀ ਮੀਟਿੰਗ ਹੋਈ, ਜਿਸ ਵਿੱਚ ਸ੍ਰੀਮਤੀ ਰਾਜਬੀਰ ਕੌਰ ਕਲਸੀ ਧਰਮਪਤਨੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਜਿਲ੍ਹਾ ਪ੍ਰਧਾਨ ਮਹਿਲਾ ਵਿੰਗ ਸ੍ਰੀਮਤੀ ਸਰਬਜੀਤ ਕੌਰ, ਸ੍ਰੀਮਤੀ ਨਰਿੰਦਰ ਕੌਰ, ਸ੍ਰੀਮਤੀ ਰਾਜਬੀਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਮਹਿਲਾਵਾਂ ਮੌਜੂਦ ਸਨ। ਮੀਟਿੰਗ ਦੌਰਾਨ ਮਹਿਲਾ ਵਿੰਗ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਆਪ ਪਾਰਟੀ ਦੀ ਹੋਰ ਮਜ਼ਬੂਤੀ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਹਿਲਾ ਵਿੰਗ ਵਲੋਂ ਜਿਲ੍ਹੇ ਭਰ ਅੰਦਰ ਪਾਰਟੀ ਦੀਆਂ ਨੀਤੀਆਂ ਤੇ ਲੋਕਪੱਖੀ ਫੈਸਲਿਆਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਇਆ ਜਾਵੇਗਾ।





**ਕਾਰਤਿਕ ਪਾਲ ਨੂੰ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਵਲੋਂ ਜਨਮ ਦਿਨ ਦੀਆਂ ਮੁਬਾਰਕਾਂ**

# ਮੋਹਾਲੀ ਦੇ ਹੋਟਲ ਵੈਸਟਰਨ ਪ੍ਰੀਮੀਅਮ ਵਿਖੇ ਰੈਂਪ ਵਾਕ ਅਤੇ ਪੰਜਾਬੀ ਗੀਤਾਂ 'ਤੇ ਨੱਚ ਕੇ ਤੀਜ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ

ਜੇ ਕੇ ਬੱਤਾ ਖਰੜ- ਮੋਹਾਲੀ ਦੇ ਹੋਟਲ ਵੈਸਟਰਨ ਪ੍ਰੀਮੀਅਮ ਦੇ ਮੁੱਖ ਹਾਲ ਵਿੱਚ ਪੰਜਾਬੀ ਪਹਿਰਾਵੇ ਵਿੱਚ ਸਜੇ ਲੋਕਾਂ ਨੇ ਪੰਜਾਬੀ ਗੀਤਾਂ ਅਤੇ ਢੋਲਾਂ ਦੀ ਧੁਨ ਨਾਲ ਤੀਜ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ। ਇਹ ਤੀਜ ਤਿਉਹਾਰ ਸ਼੍ਰੀਮਤੀ ਪ੍ਰੀਤੀ ਸ਼ਰਮਾ, ਸਰਦਾਰਨੀ ਹਰਪ੍ਰੀਤ ਕੌਰ ਅਤੇ ਮਹਿਕ ਦੁਆਰਾ ਆਯੋਜਿਤ ਕੀਤਾ ਗਿਆ ਸੀ। ਇਹ ਬਹੁਤ ਵਧੀਆ ਢੰਗ ਨਾਲ ਕੀਤਾ ਗਿਆ ਸੀ। ਇਸ ਤਿਉਹਾਰ ਵਿੱਚ ਸ਼੍ਰੀਮਤੀ ਤੀਜ ਮੁਕਾਬਲਾ ਆਯੋਜਿਤ ਕੀਤਾ ਗਿਆ ਸੀ। ਜਿਸ ਵਿੱਚ ਸਰਦਾਰਨੀ ਸੁਖਦੇਵ ਕੌਰ, ਸਰਦਾਰਨੀ ਸੁਰਜੀਤ ਕੌਰ ਅਤੇ ਸਰਦਾਰਨੀ ਗੁਰਜੀਤ ਕੌਰ ਨੇ ਜੱਜਾਂ ਵਜੋਂ ਹਿੱਸਾ ਲਿਆ। ਉਨ੍ਹਾਂ ਨੇ ਕਮਲਜੀਤ ਕੌਰ ਨੂੰ ਦੂਜੀ ਰਨਰ-ਅੱਪ ਅਤੇ ਰਜਨੀ ਸ਼ਰਮਾ ਨੂੰ ਪਹਿਲੀ ਰਨਰ-ਅੱਪ ਵਜੋਂ ਸਨਮਾਨਿਤ ਕੀਤਾ। ਇਸ ਪ੍ਰੋਗਰਾਮ ਵਿੱਚ ਸਰਦਾਰਨੀ ਸਰਪ੍ਰੀਤ ਕੌਰ ਨੂੰ ਸ਼੍ਰੀਮਤੀ ਤੀਜ ਦਾ ਤਾਜ ਪਹਿਨਾਇਆ ਗਿਆ। ਸਾਰੇ ਭਾਗੀਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਕੁੱਲ ਮਿਲਾ ਕੇ, ਤੀਜ ਇੱਕ ਅਜਿਹਾ ਤਿਉਹਾਰ ਸੀ ਜੋ ਯਾਦਾਂ ਛੱਡ ਗਿਆ।



# ਪੰਜਾਬ ਸਰਕਾਰ ਨੇ ਜੂਨ 2025 ਤੱਕ 1347 ਕਰੋੜ ਰੁਪਏ ਦੀ ਬੁਢਾਪਾ ਪੈਨਸ਼ਨ ਜਾਰੀ ਕੀਤੀ : ਮੁਖਦੇਵ ਸਿੰਘ ਆਲੋਵਾਲ

**22.75 ਲੱਖ ਲਾਭਪਾਤਰੀ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਦਾ ਲਾਭ ਮਿਲਿਆ - ਆਲੋਵਾਲ**

ਗੁਰਦਾਸਪੁਰ, ( ਜਸਵਿੰਦਰ ਸਿੰਘ ) – ਪੰਜਾਬ ਸਰਕਾਰ ਰਾਜ ਦੇ ਸਾਰੇ ਬਜ਼ੁਰਗਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਰਾਜ ਸਰਕਾਰ ਵੱਲੋਂ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਉੱਦਮਾਂ ਤਹਿਤ, ਬੁਢਾਪਾ ਪੈਨਸ਼ਨ ਯੋਜਨਾ ਦੇ ਅਧੀਨ ਜੂਨ 2025 ਤੱਕ 1347 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦਾਸਪੁਰ ਜ਼ਿਲ੍ਹਾ ਮੀਡੀਆ ਇੰਨਚਾਰਜ ਮੁਖਦੇਵ ਸਿੰਘ ਆਲੋਵਾਲ ਨੇ ਦੱਸਿਆ ਕਿ ਇਸ ਮਿਆਦ ਦੌਰਾਨ 22.75 ਲੱਖ ਬਜ਼ੁਰਗ ਲਾਭਪਾਤਰੀਆਂ ਨੇ ਯੋਜਨਾ ਦਾ ਲਾਭ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਸਾਲ ਲਈ ਰਾਜ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਲਈ 4100 ਕਰੋੜ ਰੁਪਏ ਦਾ ਬਜਟ ਉਪਲਬਧ ਕਰਵਾਇਆ ਗਿਆ ਹੈ ਮੁਖਦੇਵ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਬਜ਼ੁਰਗਾਂ ਦੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਦਾ ਬੁਨਿਆਦੀ ਸਹਾਰਾ ਹਨ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਇਕ ਹੱਕਦਾਰ ਤੱਕ ਇਹ ਸਹੂਲਤ ਬਿਨਾਂ ਰੁਕਾਵਟ



# ਚੌਧਰੀ ਸ਼ਿਆਮ ਲਾਲ ਗੁੜ੍ਹਾ ਮਾਜਰੀਆਂ ਨੇ ਕੀਤਾ ਖੇਡ ਮੇਲੇ ਦਾ ਪੋਸਟਰ ਜਾਰੀ

**ਵਿਰਾਸਤ ਸਾਭਣੀ ਹੈ ਤਾਂ ਸੁਖਬੀਰ ਸਿੰਘ ਬਾਦਲ ਵਾਂਗੂ ਇਨ੍ਹਾਂ ਖੇਡਾਂ ਨੂੰ ਵੀ ਅਹਿਮੀਅਤ ਦੇਵੇ ਸਰਕਾਰ - ਚੌਧਰੀ ਸ਼ਿਆਮ ਲਾਲ**

ਜੇ ਕੇ ਬੱਤਾ ਖਰੜ, ਪਿੰਡ ਖੇੜੀ ਗੁੱਜਰਾਂ, ਡੇਰਾਬਸੀ ਜ਼ਿਲ੍ਹਾ ਮੋਹਾਲੀ ਵਿਖੇ ਹੋਣ ਵਾਲੇ ਸ੍ਰੀ ਗੁੱਗਾ ਸਾਲਾਨਾ ਮੇਲਾ ਨੌਮੀ ਕਬੱਡੀ ਕੱਪ ਅਤੇ ਵਾਲੀਵਾਲ ਟੂਰਨਾਮੈਂਟ ਦਾ ਪੋਸਟਰ ਅੱਜ ਹਲਕਾ ਖਰੜ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਚੌਧਰੀ ਸ਼ਾਮ ਲਾਲ ਗੁੜ੍ਹਾ ਮਾਜਰੀਆਂ ਵੱਲੋਂ ਆਪਣੇ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਵਿਖੇ ਸਥਿਤ ਦਫਤਰ ਵਿਖੇ ਰੀਲੀਜ਼ ਕੀਤਾ ਗਿਆ।ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੁੱਜਰ ਬਰਾਦਰੀ ਦੇ ਲੋਕ ਹਮੇਸ਼ਾ ਵਿਰਾਸਤ ਨਾਲ ਜੁੜੇ ਰਹੇ ਹਨ ਅਤੇ ਸਮੇਂ ਸਮੇਂ ਤੇ ਵਿਰਾਸਤੀ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਯਤਨ ਕਰਦੇ ਹਨ। ਇਸੇ ਤਰ੍ਹਾਂ ਇਹ ਪਿੰਡ ਖੇੜੀ ਗੁੱਜਰਾਂ ਵਿਖੇ ਗੁੱਗਾ ਨੌਮੀ ਮੌਕੇ ਹੋਣ ਵਾਲਾ ਮੇਲਾ ਵੀ ਬਹੁਤ ਸਾਰੇ ਸਾਲਾਂ ਤੋਂ ਭਰਦਾ ਆ ਰਿਹਾ ਹੈ ਤੇ ਇਸ ਵਿਚ ਹਰ ਸਾਲ ਸ਼ਾਮਲ ਹੋਣ ਦਾ ਮੌਕਾ ਮਿਲਦਾ ਰਿਹਾ ਹੈ।ਇਸ ਵਾਰ ਫਿਰ ਇਹ ਸਲਾਨਾ ਮੇਲਾ ਮਿਤੀ 15,16 ਅਤੇ 17 ਅਗਸਤ ਨੂੰ ਖਿੰਡ ਖੇੜੀ ਗੁੱਜਰਾਂ ਜ਼ਿਲ੍ਹਾ ਮੋਹਾਲੀ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਜਿਸ ਵਿੱਚ ਖੇਡ ਮੇਲੇ ਦੌਰਾਨ ਬਾਲੀਵਾਲ, ਕਬੱਡੀ ਕੱਪ ਤੋਂ ਇਲਾਵਾ ਵਿਰਾਸਤੀ ਖੇਡਾਂ ਘੋੜੀਆਂ ਦੀਆਂ ਅਤੇ ਬੈਲਗੱਡੀਆਂ ਦੀਆਂ ਦੌੜਾਂ ਵੀ ਕਰਵਾਈਆਂ ਜਾ ਰਹੀਆਂ ਹਨ।




# ਖਰੜ ਵਿੱਚ ਔਰਤਾਂ ਨੇ ਢੋਲ ਦੀਆਂ ਤਾਲਾਂ ਦੇ ਨਾਲ-ਨਾਲ ਆਪਣੇ ਗਿੱਧੇ ਦੀਆਂ ਆਵਾਜ਼ਾਂ ਵਿੱਚ ਬਹੁਤ ਊਰਜਾ ਪਾ ਕੇ ਤੀਜ ਦਾ ਤਿਉਹਾਰ ਮਨਾਇਆ

ਜੇ ਕੇ ਬੱਤਾ ਖਰੜ-ਖਰੜ ਸ਼ਹਿਰ ਦੀਆਂ ਔਰਤਾਂ ਅਤੇ ਧੀਆਂ ਨੇ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਕੁੜੀਆਂ, ਔਰਤਾਂ ਅਤੇ ਬੱਚਿਆਂ ਨੇ ਡੀਜੇ ਅਤੇ ਢੋਲ ਦੀ ਧੁਨ 'ਤੇ ਗਿੱਧਾ ਵਜਾਇਆ। ਇਸ ਮੌਕੇ ਭਰਾ-ਭੈਣ ਦੇ ਪਿਆਰ ਨੂੰ ਦਰਸਾਉਂਦੇ ਗੀਤ ਲਿਆਉਣ ਦੀ ਸੱਭਿਆਚਾਰਕ ਪਰੰਪਰਾ ਨੇ ਲੋਕਾਂ ਦੇ ਦਿਲਾਂ ਨੂੰ ਛੂਹ ਲਿਆ। ਪ੍ਰਾਚੀਨ ਸੱਭਿਆਚਾਰ ਦੇ ਪ੍ਰਤੀਕ ਵਜੋਂ ਸੰਭਾਲੇ ਗਏ ਚਰਖੇ, ਛੱਜੇ, ਹੱਥ ਪੱਖੇ, ਲੱਸੀ ਚਾਟੀ ਅਤੇ ਫੁਲਕਾਰੀ ਖਿੱਚ ਦਾ ਕੇਂਦਰ ਸਨ। ਨੌਜਵਾਨ ਕੁੜੀਆਂ ਅਤੇ ਔਰਤਾਂ ਦੁਆਰਾ ਪਹਿਨੇ ਜਾਂਦੇ ਪੰਜਾਬੀ ਘੱਗਰਾ, ਫੁੱਲਾਂ ਦੇ ਸਜਾਵਟ, ਬੂੰਦਾ, ਕੰਨਾਂ ਦੀਆਂ ਵਾਲੀਆਂ ਅਤੇ ਟਿੱਕਾ ਸਾਨੂੰ ਪੰਜਾਬੀ ਸੱਭਿਆਚਾਰ ਦੀ ਯਾਦ ਦਿਵਾ ਰਹੇ ਸਨ। ਇਸ ਮੌਕੇ ਆਲ ਇੰਡੀਆ ਮਹਿਲਾ ਕਾਂਗਰਸ ਦੀ ਜਨਰਲ ਸਕੱਤਰ ਬੀਬੀ ਪਰਮਿੰਦਰ ਕੌਰ ਮੁੱਖ ਮਹਿਮਾਨ ਸਨ, ਜਿਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਤੀਜ ਤਿਉਹਾਰ ਦੀ ਸੁੰਦਰਤਾ ਵਧਾਉਣ ਵਿੱਚ ਸਾਰੀਆਂ ਔਰਤਾਂ ਦਾ ਪੂਰਾ ਸਹਿਯੋਗ ਰਿਹਾ। ਇਸ ਮੌਕੇ ਖਰੜ ਵਿੱਚ ਮਨਾਏ ਗਏ ਤੀਜ ਤਿਉਹਾਰ ਵਿੱਚ ਬਲਵਿੰਦਰ ਕੌਰ, ਕੁਲਦੀਪ ਕੌਰ, ਜਸਵਿੰਦਰ ਕੌਰ, ਮੈਡਮ ਰੋਜ਼ੀ ਸ਼ਰਮਾ, ਸੁਰਿੰਦਰ ਕੌਰ, ਅਮਨ ਕੌਰ, ਮੈਡਮ ਮੋਨਾ ਸ਼ਰਮਾ, ਪਿੰਕੀ ਸ਼ਰਮਾ, ਮਨਪ੍ਰੀਤ ਕੌਰ, ਪੱਪੀ ਅਰੋੜਾ ਅਤੇ ਕਿਰਨ ਮਸੀਹ ਸਮੇਤ 60 ਤੋਂ ਵੱਧ ਔਰਤਾਂ ਨੇ ਭਾਗ ਲਿਆ।



ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# ਸਟੇਟ ਮੀਡੀਆ ਕਲੱਬ ਪੱਤਰਕਾਰਾਂ ਦੀ ਮਦਦ ਲਈ ਹਮੇਸ਼ਾ ਤਿਆਰ : ਪ੍ਰਧਾਨ ਜਤਿੰਦਰ ਟੰਡਨ

## ਸਟੇਟ ਮੀਡੀਆ ਕਲੱਬ ਦੀ ਹੰਗਾਮੀ ਮੀਟਿੰਗ ਵਿੱਚ ਭਾਰੀ ਇੱਕਠ ਦੇਖ ਪੰਜਾਬ ਭਰ ਵਿੱਚ ਹੋਈ ਚਰਚਾ

ਲੁਧਿਆਣਾ, (ਸੁਖਚੈਨ ਮਹਿਰਾ) ਸਥਾਨਕ ਸਰਕਟ ਹਾਊਸ ਵਿਖੇ ਸਟੇਟ ਮੀਡੀਆ ਕਲੱਬ ਦੀ ਸਲਾਨਾ ਮੀਟਿੰਗ ਚੇਅਰਮੈਨ ਅਰੁਣ ਸਰੀਨ ਅਤੇ ਪ੍ਰਧਾਨ ਜਤਿੰਦਰ ਟੰਡਨ ਦੀ ਪ੍ਰਧਾਨਗੀ ਹੇਠ ਹੋਈ। ਇਹ ਕਲੱਬ ਪੰਜਾਬ ਸੂਬੇ ਦਾ ਇੱਕ ਪੱਤਰਕਾਰਾ ਦਾ ਵੱਡਾ ਕਲੱਬ ਹੈ ਜਿਸ ਵਿੱਚ ਹੁਣ ਤੱਕ 1400 ਦੇ ਕਰੀਬ ਪੱਤਰਕਾਰ ਆਨਲਾਈਨ ਤੇ ਆਫਲਾਈਨ 1000 ਦੇ ਕਰੀਬ ਪੱਤਰਕਾਰ ਜੁੜ ਚੁੱਕੇ ਹਨ। ਅੱਜ ਦੀ ਮੀਟਿੰਗ ਵਿੱਚ 350 ਤੋਂ ਵੱਧ ਪੱਤਰਕਾਰ ਹਾਜ਼ਿਰ ਹੋਏ। ਸਟੇਟ ਮੀਡੀਆ ਕਲੱਬ ਵਲੋ ਹੁਣ ਤੱਕ ਬਹੁਤ ਸਾਰੇ ਪੱਤਰਕਾਰਾਂ ਦੀ ਵਿੱਤੀ, ਪਰਵਾਰਿਕ ਅਤੇ ਮੈਡੀਕਲ ਸਹਾਇਤਾ ਬਿਨਾ ਕਿਸੇ ਰਾਜਨੀਤਿਕ ਲੋਕਾ ਦੀ ਮਦਦ ਤੋਂ ਬਿਨਾ




ਕਿਸੇ ਸਰਕਾਰੀ ਫੰਡ ਤੋ ਸਿਰਫ ਆਪਸੀ ਪੱਤਰਕਾਰ ਭਾਈਚਾਰੇ ਵਲੋ ਕੀਤੀ ਗਈ ਹੈ। ਪ੍ਰਧਾਨ ਜਤਿੰਦਰ ਟੰਡਨ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਲਈ ਸਟੇਟ ਮੀਡੀਆ ਕਲੱਬ ਦਿਨ ਰਾਤ ਹਮੇਸ਼ਾ ਤਿਆਰ ਰਹਿੰਦਾ ਹੈ। ਉਹਨਾਂ ਦਸਿਆ ਕਿ ਅਸੀ 2019 ਤੋ ਪੂਰੇ ਪੰਜਾਬ ਦੇ ਪੱਤਰਕਾਰ ਨੂੰ ਇਕ ਛੱਤ ਹੇਠਾਂ ਇੱਕਠੇ ਕਰ ਰਹੇ ਹਾਂ ਜਿਸ ਵਿੱਚ ਹੁਣ ਤੱਕ ਅਸੀਂ 1000 ਆਫਲਾਈਨ ਤੇ 1400 ਆਨਲਾਈਨ ਹੀ ਜੋੜ ਚੁੱਕੇ ਹਾਂ।

# ਗੁਰਦੁਆਰਾ ਅਕਾਲਗੜ੍ਹ ਸਾਹਿਬ ਕਰੋਰਾਂ ਨਯਾਗਾਓਂ ਵਿਖੇ ਬੁੱਢਾ ਦਲ ਦੀ ਤਿੰਨ ਰੋਜ਼ਾ ਸਾਲਾਨਾ ਬਰਸੀ ਮਨਾਈ ਜਾ ਰਹੀ ਹੈ

## ਅੱਜ 30 ਜੁਲਾਈ ਨੂੰ ਆਖਰੀ ਦਿਨ ਭੋਗ ਤੋਂ ਬਾਅਦ, ਨਿਹੰਗ ਘੋੜਿਆਂ ਦੇ ਕਾਰਨਾਮੇ ਦਿਖਾਉਣਗੇ - ਬਾਬਾ ਸ਼ਮਸ਼ੇਰ ਸਿੰਘ

ਜੇ ਕੇ ਬੱਤਾ ਖਰੜ-ਸਲਾਨਾ ਬਰਸੀ ਦੇ ਸੰਬੰਧ ਵਿੱਚ, ਬੁੱਢਾ ਦਲ ਦੇ ਸਥਾਨ, ਪਿੰਡ ਕਰੋਰਾਂ ਨਯਾਗਾਓਂ ਵਿੱਚ ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ, ਬੁੱਢਾ ਦਲ ਦੇ ਮੁੱਖ ਗ੍ਰੰਥੀ ਬਾਬਾ ਸ਼ਮਸ਼ੇਰ ਸਿੰਘ ਜੀ ਅਤੇ ਜ਼ਿਲ੍ਹਾ ਜਥੇਦਾਰ ਬਾਬਾ ਲਖਮੀਰ ਸਿੰਘ ਕੁੰਭੜਾ ਜੀ ਦੀ ਅਗਵਾਈ ਹੇਠ 28 ਜੁਲਾਈ ਤੋਂ ਅਖੰਡ ਪਾਠ ਸ਼ੁਰੂ ਹੋ ਗਏ ਹਨ, ਜਿਨ੍ਹਾਂ ਦਾ ਭੋਗ ਅੱਜ 30 ਜੁਲਾਈ ਨੂੰ ਹੋਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਗੁ ਰ ਦੁ ਆ ਰਾ ਅਕਾਲਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕਾਕਾ ਸਿੰਘ ਨੇ ਦੱਸਿਆ ਕਿ ਇਸ ਮੌਕੇ ਪਹੁੰਚੇ ਜਥੇਦਾਰ ਬਹਾਦਰ ਸਿੰਘ ਚੱਕਰਵਰਤੀ ਸਿੰਘ ਸਾਹਿਬ, ਜਥੇਦਾਰ ਸਾਹਿਬ ਕਲਗੀਧਰ ਅਤੇ ਬਾਬਾ ਸੁਰਜੀਤ ਸਿੰਘ 96 ਕਰੋੜੀ ਜੀ ਦੀ ਯਾਦ ਵਿੱਚ ਸਥਾਨਕ ਸਥਾਨ 'ਤੇ ਚੌਥੀ ਬਰਸੀ ਮਨਾਉਣਗੇ,



ਜਿਨ੍ਹਾਂ ਦੇ ਅਖੰਡ ਪਾਠ 28 ਜੁਲਾਈ ਤੋਂ ਸ਼ੁਰੂ ਹੋ ਗਏ ਹਨ ਅਤੇ ਭੋਗ ਅੱਜ 30 ਜੁਲਾਈ ਨੂੰ ਦਿੱਤਾ ਜਾਵੇਗਾ।

# ਬਰਸਾਤਾਂ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਤਿਆਰ ਬਰ ਤਿਆਰ - ਮੈਂਡੀਸਿਟੀ ਹੋਸਪੀਟਲ ਗੁਰਦਾਸਪੁਰ

## ਡੇਂਗੂ, ਦਸਤ ਰੋਕੂ ਅਤੇ ਮੀਜਲ ਰੂਬੇਲਾ ਮੁਹਿੰਮ ਸਬੰਧੀ ਦੱਸਿਆ ਗਿਆ - ਡਾ ਮਨਜੀਤ ਸਿੰਘ

ਗੁਰਦਾਸਪੁਰ ( ਜਸਵਿੰਦਰ ਸਿੰਘ ) -ਡਾਕਟਰ ਮਨਜੀਤ ਸਿੰਘ( ਮੈਡੀਸਿਟੀ ਹੋਸਪੀਟਲ) ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਬਰਸਾਤ ਦੇ ਮੌਸਮ ਦੇ ਮੱਦੇਨਜ਼ਰ ਵਿਸ਼ੇਸ਼ ਅਹਿਤਿਆਤ ਵਰਤੀ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਦੌਰਾਨ ਅਕਸਰ ਹੀ ਦਸਤ ਦੀ ਬਿਮਾਰੀ ਫੈਲ ਜਾਂਦੀ ਹੈ ਅਤੇ ਦਸਤ ਦੀ ਬਿਮਾਰੀ ਦੀ ਰੋਕਥਾਮ ਲਈ ਮੈਡੀਸਿਟੀ ਹੋਸਪੀਟਲ ਹਰ ਸਮੇਂ ਤਿਆਰ ਬਰ ਤਿਆਰ ਹੈ ਡਾ. ਮਨਜੀਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਤੇ ਵੀ ਫ਼ਾਲਤੂ ਜਗ ?ਹਾ ਜਾ ਵਸਤੂ ਵਿੱਚ ਪਾਣੀ ਨਾ ਜਮਾ ਹੋਣ ਦੇਣ ਜੇ ਕਿਤੇ ਮੱਛਰ ਦਾ ਲਾਰਵਾ ਹੋਵੇ, ਉਸ ਨੂੰ ਨਸ਼ਟ ਕੀਤਾ ਜਾਵੇ ਮੱਛਰ



ਜਣਿਤ ਰੋਗਾਂ ਤੋ ਬਚਾਅ ਕੀਤਾ ਜਾਵੇ ਬੁਖ਼ਾਰ ਹੋਣ ਤੇ ਤੁਰੰਤ ਨੇੜਲੇ ਸਿਹਤ ਕੇਂਦਰ ਤੋ ਜਾਂਚ ਕਰਵਾਈ ਜਾਵੇ ਡਾਕਟਰ ਦੀ ਸਲਾਹ ਨਾਲ ਹੀ ਦਵਾਈ ਖਾਦੀ ਜਾਵੇ ਸਿਰਫ਼ ਸਾਫ਼ ਪਾਣੀ ਦਾ ਸੇਵਨ ਕੀਤਾ ਜਾਵੇ ਪਾਣੀ ਉਬਾਲ ਕੇ ਠੰਢਾ ਕਰਕੇ ਜਾ ਕਲੋਰੀਨੇਸ਼ਨ ਕੀਤਾ ਪਾਣੀ ਹੀ ਪੀਤਾ ਜਾਵੇ ਮੈਡੀਸਿਟੀ ਹੋਸਪੀਟਲ ਚੇ ਹਾਰਡ ਦਿਮਾਗ ਨਿਊਰੋਲੋਜਿਸਟ ਲੀਵਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ

# ਯੁੱਧ ਨਸ਼ਿਆਂ ਵਿਰੁੱਧ : ਕਮਿਸ਼ਨਰੇਟ ਪੁਲਿਸ ਵੱਲੋਂ ਨਸ਼ਿਆਂ ਖਿਲਾਫ਼ ਕਾਰਵਾਈ ਜਾਰੀ, 9 ਗ੍ਰਿਫ਼ਤਾਰ

## 517 ਗ੍ਰਾਮ ਹੈਰੋਇਨ, 140 ਨਸ਼ੀਲੀਆਂ ਗੋਲੀਆਂ ਤੇ 1 ਵਰਨਾ ਕਾਰ ਬਰਾਮਦ

ਜਲੰਧਰ, (ਲੋਕ ਬਾਣੀ) : ਪੰਜਾਬ ਸਰਕਾਰ ਵੱਲੋਂ ਵਿੱਢੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਨਸ਼ਿਆਂ ਖਿਲਾਫ਼ ਸਖ਼ਤ ਕਾਰਵਾਈ ਲਗਾਤਾਰ ਜਾਰੀ ਹੈ। ਪਿਛਲੇ ਦੋ ਦਿਨਾਂ ਦੇ ਓਪਰੇਸ਼ਨਾਂ ਦੌਰਾਨ ਪੁਲਿਸ ਟੀਮਾਂ ਨੇ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਵੱਖ-ਵੱਖ ਥਾਣਿਆਂ ਵਿੱਚ 7 ਮੁਕੱਦਮੇ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤੇ ਹਨ। ਇਸ ਕਾਰਵਾਈ ਦੌਰਾਨ 517 ਗ੍ਰਾਮ ਹੈਰੋਇਨ, 140 ਨਸ਼ੀਲੀਆਂ ਗੋਲੀਆਂ ਅਤੇ ਇੱਕ ਵਰਨਾ ਕਾਰ ਬਰਾਮਦ ਕੀਤੀ ਗਈ ਹੈ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਨਸ਼ਿਆਂ ਦੀ ਸਪਲਾਈ ਚੇਨ ਤੋੜਨ ਲਈ ਕਈ ਛਾਪੇ ਮਾਰੇ ਗਏ। ਨਤੀਜੇ ਵਜੋਂ 7 ਮੁਕੱਦਮੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚ 9 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਕਾਰਵਾਈ ਦੌਰਾਨ 517 ਗ੍ਰਾਮ ਹੈਰੋਇਨ, 140 ਨਸ਼ੀਲੀਆਂ ਗੋਲੀਆਂ ਅਤੇ ਇੱਕ ਵਰਨਾ ਕਾਰ ਜ਼ਬਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨਰੇਟ ਪੁਲਿਸ ਨਸ਼ਾ ਤਸਕਰਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੇ ਨਾਲ-ਨਾਲ ਨਸ਼ੇ ਦੇ ਆਦੀ ਵਿਅਕਤੀਆਂ ਦੇ ਮੁੜ ਵਸੇਬੇ ਲਈ ਵੀ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਪ੍ਰਭਾਵਿਤ ਵਿਅਕਤੀਆਂ ਨੂੰ ਮੁੜ ਸਮਾਜ ਨਾਲ ਜੋੜਨ ਦੀ ਮੁਹਿੰਮ ਤਹਿਤ 23 ਨਸ਼ਾ ਪੀੜਤ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਭੇਜਿਆ ਗਿਆ ਹੈ, ਜਿਨ੍ਹਾਂ ਵਿੱਚੋਂ 14 ਨੂੰ ਓਟ (®®1") ਕੇਂਦਰ ਵਿੱਚ ਦਾਖ਼ਲ ਕੀਤਾ ਗਿਆ, 1 ਵਿਅਕਤੀ ਨੂੰ ਐਨ.ਡੀ.ਪੀ.ਐਸ. ਐਕਟ ਦੀ ਧਾਰਾ 64 ਏ ਤਹਿਤ ਰੈਫਰ ਕੀਤਾ ਗਿਆ ਅਤੇ 8 ਨੂੰ ਮੁੜ ਵਸੇਬਾ ਕੇਂਦਰਾਂ ਵਿੱਚ ਭੇਜਿਆ ਗਿਆ ਹੈ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਕਮਿਸ਼ਨਰੇਟ ਪੁਲਿਸ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਦੇ ਨਾਲ-ਨਾਲ ਨਸ਼ਿਆਂ ਦੀ ਸਮੱਸਿਆ ਦਾ ਲੰਮੇ ਸਮੇਂ ਲਈ ਹੱਲ ਕੱਢਣ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦੇ ਮੁੜ ਵਸੇਬੇ ਲਈ ਵੀ ਯਤਨ ਕਰ ਰਹੀ ਹੈ।

# ਕਮਿਸ਼ਨਰੇਟ ਪੁਲਿਸ ਜਲੰਧਰ ਵਲੋਂ 4 ਸਨੇਚਰ ਕਾਬੂ, 11 ਮੋਬਾਈਲ ਫੋਨ, ਸੋਨੇ ਦੇ ਗਹਿਣੇ ਅਤੇ 2 ਵਾਹਨ ਬਰਾਮਦ

ਜਲੰਧਰ, (ਲੋਕ ਬਾਣੀ)-ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਕਮਿਸ਼ਨਰੇਟ ਪੁਲਿਸ ਜਲੰਧਰ ਨੇ ਸਨੇਚਿੰਗ ਦੀਆਂ ਘਟਨਾਵਾਂ ਵਿੱਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁੱਖ ਅਫਸਰ ਥਾਣਾ ਡਵੀਜ਼ਨ ਨੰਬਰ 6 ਅਤੇ 8 ਜਲੰਧਰ ਦੀ ਅਗਵਾਈ ਵਾਲੀਆਂ ਪੁਲਿਸ ਟੀਮਾਂ ਨੇ ਇਹ ਸਫਲਤਾ ਹਾਸਲ ਕੀਤੀ ਹੈ। ਵੇਰਵਾ ਸਾਂਝਾ ਕਰਦੇ ਹੋਏ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਸਵਰਨਜੀਤ ਕੌਰ ਪਤਨੀ ਗੁਰਮੀਤ ਸਿੰਘ ਵਾਸੀ ਮਕਾਨ ਨੰਬਰ 13-ਬੀ, ਗਲੀ ਨੰਬਰ 6 ਜਲੰਧਰ ਦੇ ਬਿਆਨ 'ਤੇ ਥਾਣਾ ਡਵੀਜ਼ਨ ਨੰਬਰ 6 ਜਲੰਧਰ ਵਿਖੇ ਮੁਕੱਦਮਾ ਨੰਬਰ 124 ਮਿਤੀ 3 ਜੁਲਾਈ ਅਧੀਨ ਧਾਰਾ 304 ਅਤੇ 317(2) ਬੀ.ਐਨ.ਐਸ (ਬਾਅਦ ਵਿੱਚ ਜੋੜਿਆ ਗਿਆ) ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ 29



ਜੂਨ ਨੂੰ ਜਦੋਂ ਉਹ ਆਪਣੇ ਐਕਟਿਵਾ ਸਕੂਟਰ 'ਤੇ ਕਾਲਜ ਤੋਂ ਘਰ ਵਾਪਸ ਆ ਰਹੀ ਸੀ, ਤਾਂ ਇੱਕ ਹੋਰ ਐਕਟਿਵਾ 'ਤੇ ਸਵਾਰ ਇੱਕ ਅਣਪਛਾਤੇ ਵਿਅਕਤੀ ਨੇ ਉਸਨੂੰ ਰੋਕਿਆ ਅਤੇ ਉਸਦਾ ਪਰਸ ਖੋਹ ਲਿਆ, ਜਿਸ ਵਿੱਚ ਆਈ ਫੋਨ 13 ਪ੍ਰੋ, ਇੱਕ ਸੋਨੇ ਦੀ ਚੂੜੀ (ਲਗਭਗ 2 ਤੋਲੇ), ਇੱਕ ਸੋਨੇ ਦੀ ਅੰਗੂਠੀ (ਲਗਭਗ 2 ਗ੍ਰਾਮ), ਸੋਨੇ ਦੇ ਟੋਪਸ (3 ਗ੍ਰਾਮ) ਅਤੇ 2 ਏ.ਟੀ.ਐਮ ਅਤੇ ਹੋਰ ਮਹੱਤਵਪੂਰਨ ਸ਼ਨਾਖ਼ਤੀ ਕਾਰਡ ਸਨ। ਸੀ.ਸੀ.ਟੀ.ਵੀ ਸਮੇਤ ਤਕਨੀਕੀ ਸਰੋਤਾਂ ਦੀ ਵਰਤੋਂ ਕਰਦੇ ਹੋਏ, ਪੁਲਿਸ ਨੇ ਰਾਘਵ ਪੁੱਤਰ ਪਵਨ ਕੁਮਾਰ ਵਾਸੀ ਨਿਊ ਮਾਡਲ ਹਾਊਸ ਜਲੰਧਰ ਨੂੰ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ।

# ਕਮਿਸ਼ਨਰੇਟ ਪੁਲਿਸ ਵੱਲੋਂ 'ਫਤਿਹ ਗਰੁੱਪ' ਦੇ 2 ਮੈਂਬਰ ਗ੍ਰਿਫ਼ਤਾਰ

## 5 ਗੈਰ-ਕਾਨੂੰਨੀ ਪਿਸਤੌਲ, 10 ਜ਼ਿੰਦਾ ਰੌਂਦ ਤੇ 50 ਗ੍ਰਾਮ ਹੈਰੋਇਨ ਬਰਾਮਦ

ਜਲੰਧਰ, (ਲੋਕ ਬਾਣੀ)- ਪੰਜਾਬ ਸਰਕਾਰ ਵੱਲੋਂ ਅਪਰਾਧੀ ਤੱਤਾਂ ?'ਤੇ ਨਕੇਲ ਕੱਸਣ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ ਤਹਿਤ, ਕਮਿਸ਼ਨਰੇਟ ਪੁਲਿਸ ਜਲੰਧਰ ਦੀ ਸੀ.ਆਈ.ਏ. ਟੀਮ ਨੇ ਬਦਨਾਮ 'ਫਤਿਹ ਗਰੁੱਪ' ਦੇ ਦੋ ਸਰਗਰਮ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਇਸ ਕਾਰਵਾਈ ਦੌਰਾਨ ਪੁਲਿਸ ਵੱਲੋਂ 5 ਗੈਰ-ਕਾਨੂੰਨੀ ਪਿਸਤੌਲ, 10 ਜ਼ਿੰਦਾ ਰੌਂਦ ਅਤੇ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਕੱਦਮਾ ਨੰਬਰ 82 ਮਿਤੀ 09.07.2025 ਅਧੀਨ ਧਾਰਾ 25(1)2, 54, 59 ਆਰਮਜ਼ ਐਕਟ ਅਤੇ ਵਾਧਾ ਜੁਰਮ 21 ਐਨ.ਡੀ.ਪੀ.ਐਸ. ਐਕਟ ਤਹਿਤ ਥਾਣਾ ਡਵੀਜ਼ਨ ਨੰਬਰ 2, ਜਲੰਧਰ ਵਿੱਚ ਦਰਜ ਕੀਤਾ ਗਿਆ ਸੀ। ਜਾਂਚ ਦੌਰਾਨ ਪੁਲਿਸ ਵੱਲੋਂ ਦੋ ਮੁਲਜ਼ਮਾਂ ਕਰਨਪ੍ਰੀਤ ਸਿੰਘ ਉਰਫ਼ ਗਿਆਨੀ ਉਰਫ਼ ਫਤਿਹ ਵਾਸੀ ਬੈਂਕ ਇਨਕਲੇਵ, ਖੁਰਲਾ ਕਿੰਗਰਾ, ਕੁੱਕੀ ਢਾਬ ਚੌਕ, ਥਾਣਾ



ਡਵੀਜ਼ਨ ਨੰਬਰ 7 ਜਲੰਧਰ ਅਤੇ ਅਮਨ ਉਰਫ਼ ਅਮਨਾ ਵਾਸੀ ਬਾਬਾ ਕਾਹਨ ਦਾਸ ਨਗਰ, ਥਾਣਾ ਬਸਤੀ ਬਾਵਾ ਖੇਲ, ਜਲੰਧਰ ਨੂੰ 27.07.2025 ਨੂੰ ਗ੍ਰਿਫ਼ਤਾਰ ਕੀਤਾ ਗਿਆ।

# ਅੰਮ੍ਰਿਤਸਰ ਵਿੱਚ ਪਾਕਿਸਤਾਨੀ ਤਸਕਰ ਦਾ ਗੁਰਗਾ ਪੰਜ ਆਧੁਨਿਕ ਪਿਸਤੌਲਾਂ ਸਮੇਤ ਕਾਬੂ

**ਪਾਕਿਸਤਾਨ-ਅਧਾਰਤ ਤਸਕਰ ਸਰਹੱਦ ਪਾਰੋਂ ਹਥਿਆਰਾਂ ਦੀਆਂ ਖੇਪਾਂ ਭੇਜਣ ਲਈ ਡਰੋਨ ਦੀ ਕਰ ਰਿਹਾ ਸੀ ਵਰਤੋਂ- ਡੀਜੀਪੀ ਗੌਰਵ ਯਾਦਵ**

ਅੰਮ੍ਰਿਤਸਰ/ਚੰਡੀਗੜ੍ਹ (ਲੋਕ ਬਾਣੀ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਖੁਫੀਆ ਜਾਣਕਾਰੀ ‘ਤੇ ਕਾਰਵਾਈ ਕਰਦਿਆਂ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦੇ ਇੱਕ ਕਾਰਕੁਨ ਜੋ ਪਾਕਿਸਤਾਨ ਅਧਾਰਿਤ ਤਸਕਰ ਦੇ ਇਸ਼ਾਰਿਆਂ ‘ਤੇ ਕੰਮ ਕਰਦਾ ਸੀ, ਨੂੰ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ




ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਭਰਤਪ੍ਰੀਤ ਸਿੰਘ ਵਾਸੀ ਦੇ ਪਿੰਡ ਮਾੜੀ ਮੇਘਾ, ਤਰਨਤਾਰਨ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਸ ਦੇ ਕਬਜ਼ੇ ਵਿੱਚੋਂ ਪੰਜ ਆਧੁਨਿਕ ਪਿਸਤੌਲ - ਦੋ 9 ਐਮਐਮ, ਦੋ .30 ਬੋਰ ਅਤੇ ਇੱਕ .32 ਬੋਰ - ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਖੇਪਾਂ ਦੀ ਡਿਲੀਵਰੀ ਲਈ ਵਰਤੀ ਜਾ ਰਹੀ ਉਸ ਦੀ ਸਪਲੈਂਡਰ ਮੋਟਰਸਾਈਕਲ ਨੂੰ ਵੀ ਜ਼ਬਤ ਕਰ ਲਿਆ ਗਿਆ ਹੈ।

# ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ ਦੇ ਠੇਕਾ ਆਧਾਰਿਤ ਕਰਮਚਾਰੀਆਂ ਨੂੰ ਰੈਗੂਲਰ ਕਰਨ ਸਬੰਧੀ ਮਾਨਯੋਗ ਹਾਈਕੋਰਟ ਦੇ ਹੁਕਮਾਂ ਨੂੰ ਜਰਨਲਾਈਜ਼ ਕਰੇ ਸਰਕਾਰ - ਨਰਿੰਦਰ ਸਿੰਘ

ਅੰਮ੍ਰਿਤਸਰ (ਲੋਕ ਬਾਣੀ)-ਅੰਮ੍ਰਿਤਸਰ-ਪਟਿਆਲਾ ਅਤੇ ਫਰੀਦਕੋਟ ਦੇ ਤਿੰਨੋਂ ਮੈਡੀਕਲ ਕਾਲਜਾਂ ਦੀ ਬੈਠਕ ਆਯੋਜਿਤ ਕੀਤੀ ਗਈ। ਕਰਮਚਾਰੀ ਆਗੂਆਂ ਸਵਰਨ ਸਿੰਘ ਬੰਗਾ,ਪਟਿਆਲਾ, ਨਰਿੰਦਰ ਸਿੰਘ,ਅੰਮ੍ਰਿਤਸਰ ਅਤੇ ਬਲਜਿੰਦਰ ਸਿੰਘ,ਫਰੀਦਕੋਟ ਨੇ ਇੱਕ ਮੀਟਿੰਗ ਦੌਰਾਨ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਲਈ ਅਪਣਾਏ ਜਾ ਰਹੇ ਦੂਹਰੇ ਮਾਪਦੰਡ ਦੀ ਨਿਖੇਦੀ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਸਰਕਾਰ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੇ ਹੁਕਮ ਨੰਬਰ ਐਮ ਏ ਆਰ-ਐਮ ਟੀ ਐਚ 3013 ਏ,21 115-8350, 2025 ਮਿਤੀ 23 ਜੁਲਾਈ 2025 ਅਨੁਸਾਰ ਵਿਭਾਗ ਅਧੀਨ ਠੇਕਾ ਆਧਾਰਕੰਮ ਕਰਦੇ ਕਰਮਚਾਰੀਆਂ ਜਿਨ੍ਹਾਂ ਮਾਨਯੋਗ ਹਾਈਕੋਰਟ ਤੱਕ ਇਨਸਾਫ ਲੈਣ ਲਈ ਲੰਮਾ ਸੰਘਰਸ਼ ਕੀਤਾ, ਨੂੰ ਪੂਰੀਆਂ ਤਨਖ਼ਾਹਾਂ ਤੇ ਰੈਗੂਲਰ ਕੀਤਾ ਗਿਆ ਹੈ, ਅਸੀਂ ਇਸ ਫ਼ੈਸਲੇ ਦਾ ਸਵਾਗਤ ਕਰਦੇ ਹਾਂ ਅਤੇ ਨਾਲ ਹੀ ਉੱਚ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਦੀ ਦੋਹਰੀ ਨੀਤੀ ਦਾ ਨਿੰਦਾ ਵੀ ਕਰਦੇ ਹਾਂ ਕਿਉਂਕਿ ਇਸੇ ਤਰਜ਼ ( ਡੀਸੀ ਰੇਟ ਠੇਕਾ ਆਧਾਰਿਤ) ਤੇ ਭਰਤੀ ਦਰਜਾ ਚਾਰ ਅਤੇ ਅਨਸਿਲਗੀ ਸਟਾਫ਼ ਓਟੀਏ ਈਜੀ ਟੈਕਨੀਸ਼ੀਅਨ ਨੂੰ ਰੈਗੂਲਰ ਨਹੀਂ ਕੀਤਾ ਗਿਆ। ਹੁਣ ਭਾਵੇਂ ਇਹ ਕੇਸ ਅਦਾਲਤ ਰਾਹੀਂ ਜਿੱਤਿਆ ਗਿਆ ਪਰ ਪਿਛਲੀਆਂ ਸਰਕਾਰਾਂ ਅਤੇ ਹੁਣ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦਰਜਾ ਚਾਰ ਕਰਮਚਾਰੀਆਂ ਓਟੀਏ ਈ ਈ ਜੀ ਟੈਕਨੀਸ਼ੀਅਨ ਨਾਲ ਹਮੇਸ਼ਾ ਵਿਤਕਰਾ ਕੀਤਾ।




# ਚੇਅਰਮੈਨ ਬਹਿਲ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਹਲਕਾ ਗੁਰਦਾਸਪੁਰ ਦੇ ਪਿੰਡ ਭੁਕਰਾ, ਭਗਵਾਨਪੁਰ, ਅਲੀਸ਼ੇਰ, ਭੋਪੁਰ ਸੈਦਾਂ ਕਮਾਲਪੁਰ ਅਫ਼ਗਾਨਾਂ ਅਤੇ ਬਲੱਗਣ ਵਿਖੇ ਜਾਗਰੂਕਤਾ ਮੀਟਿੰਗਾਂ ਕੀਤੀਆਂ

**ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ - ਰਮਨ ਬਹਿਲ**

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਬੀਤੀ ਸ਼ਾਮ ਨਸ਼ਾ ਮੁਕਤੀ ਯਾਤਰਾ ਤਹਿਤ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਭੁਕਰਾ, ਭਗਵਾਨਪੁਰ, ਅਲੀਸ਼ੇਰ, ਭੋਪੁਰ ਸੈਦਾਂ ਕਮਾਲਪੁਰ ਅਫ਼ਗਾਨਾਂ ਅਤੇ ਬਲੱਗਣ ਵਿਖੇ ਜਾਗਰੂਕਤਾ ਰੈਲੀਆਂ ਕੀਤੀਆਂ। ਇਸ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਹੁੰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਨੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲੈ ਕੇ ਜਾਣ ਤਾਂ ਜੋ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਮਿਲ ਸਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰ ਵੱਲੋਂ ਨਸ਼ਾ ਤਸਕਰਾਂ ਉੱਪਰ ਮਿਸਾਲੀ ਕਾਰਵਾਈਆਂ ਕਰ ਕੇ ਬਹੁਤ ਹੱਦ ਤੱਕ ਨਸ਼ਿਆਂ ਦੀ



ਸਪਲਾਈ ਚੇਨ ਨੂੰ ਤੋੜ ਦਿੱਤਾ ਗਿਆ ਹੈ ਅਤੇ ਸੂਬੇ ਨੂੰ ਮੁੜ ਹੱਸਦਾ-ਵੱਸਦਾ ਤੇ ਰੰਗਲਾ ਪੰਜਾਬ ਬਣਾਉਣ ਦੇ ਰਾਹ ਪਾਇਆ ਗਿਆ ਹੈ।

# ਬਿਆਸ ਸਹੋਦਿਆ ਨੇ ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ, ਗੁਰਦਾਸਪੁਰ ਵਿਖੇ ਇੱਕ ਪੁਸਤਕ ਸਮੀਖਿਆ ਮੁਕਾਬਲਾ ਕਰਵਾਇਆ

ਗੁਰਦਾਸਪੁਰ ( ਜਸਵਿੰਦਰ ਸਿੰਘ )-ਬਿਆਸ ਸਹੋਦਿਆ ਸਕੂਲ ਕੰਪਲੈਕਸ ਨੇ ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ, ਗੁਰਦਾਸਪੁਰ ਵਿਖੇ ਇੱਕ ਅੰਤਰ-ਸਕੂਲ ਪੁਸਤਕ ਸਮੀਖਿਆ ਮੁਕਾਬਲਾ ਕਰਵਾਇਆ। ਬਿਆਸ ਸਹੋਦਿਆ ਅਧੀਨ ਆਉਂਦੇ 11 ਸਕੂਲਾਂ ਦੇ 47 ਵਿਦਿਆਰਥੀਆਂ ਨੇ ਮੁਕਾਬਲੇ ਵਿੱਚ ਹਿੱਸਾ ਲਿਆ। ਮੁਕਾਬਲੇ ਦਾ ਉਦੇਸ਼ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦੀ ਰੁਚੀ ਵਧਾਉਣਾ ਸੀ। ਡਾ. ਨੀਤੂ (ਪ੍ਰੋਫੈਸਰ ਆਰ.ਆਰ. ਬਾਵਾ ਡੀਏਵੀ ਕਾਲਜ ਬਟਾਲਾ), ਸ਼੍ਰੀ ਹਰਦੀਪ ਸਿੰਘ (ਐਸ.ਐਸ. ਵਿਭਾਗ, ਪੰਜਾਬ ਸਿੱਖਿਆ ਵਿਭਾਗ) ਮੁਕਾਬਲੇ ਵਿੱਚ ਜੱਜਾਂ ਵਜੋਂ ਵਿਸ਼ੇਸ਼ ਤੌਰ ’ਤੇ ਮੌਜੂਦ ਸਨ। ਸਮਾਗਮ ਵਿੱਚ ਸ਼ਾਮਲ ਪਤਵੰਤੇ ਵਿਸ਼ੇਸ਼ ਤੌਰ ’ਤੇ ਮੌਜੂਦ ਸਨ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੇ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਦਿੱਤਾ। ਮੁਕਾਬਲੇ ਨੂੰ ਪੰਜ ਸਮੂਹਾਂ ਵਿੱਚ ਵੰਡਿਆ ਗਿਆ ਸੀ। ਜਿਸ ਵਿੱਚ




ਅੱਠਵੀਂ ਜਮਾਤ ਦੇ ਸਮੂਹ ਵਿੱਚ, ਮੋਨਾਲੀ ਕੁਮਾਰੀ (ਬਾਬਾ ਬੰਦਾ ਸਿੰਘ ਬਹਾਦਰ ਸਕੂਲ ਧਾਰੀਵਾਲੀ) ਪਹਿਲੇ ਸਥਾਨ ’ਤੇ, ਕਮਲਜੋਤ ਕੌਰ (ਗੁਰੂ ਨਾਨਕ ਇੰਟਰਨੈਸ਼ਨਲ ਸਕੂਲ ਕਾਲਾ ਬਾਲਾ) ਦੂਜੇ ਸਥਾਨ ’ਤੇ, ਨਵਰੀਤ (ਦੋਆਬਾ ਪਬਲਿਕ ਸਕੂਲ, ਧਾਰੀਵਾਲੀ) ਤੀਜੇ ਸਥਾਨ ’ਤੇ ਰਹੀ; ਨੌਵੀਂ ਜਮਾਤ ਦੇ ਗਰੁੱਪ ਵਿੱਚ ਮਨਸੀਰਤ ਕੌਰ (ਦੋਆਬਾ ਪਬਲਿਕ ਸਕੂਲ ਧਾਰੀਆਂਵਾਲੀ) ਪਹਿਲੇ, ਸੁਖਰੀਤ ਕੌਰ (ਰਾਣਾ ਸਵਰਾਜ ਪਬਲਿਕ ਸਕੂਲ ਧਾਰੀਆਂਵਾਲੀ) ਦੂਜੇ, ਅਵੰਤਿਕਾ (ਸੇਂਟ ਕਬੀਰ ਸਕੂਲ, ਸੁਲਤਾਨਪੁਰ) ਤੀਜੇ ਸਥਾਨ ’ਤੇ ਰਹੀ। ਦਸਵੀਂ ਜਮਾਤ ਦੇ ਗਰੁੱਪ ਵਿੱਚ ਸ਼ਿਤਿਜ ਸ਼ਰਮਾ (ਜੀਆ ਲਾਲ ਮਿੱਤਲ ਡੀ.ਏ.ਵੀ. ਪਬਲਿਕ ਸਕੂਲ, ਗੁਰਦਾਸਪੁਰ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

# ਵਿਸ਼ਵ ਹੈਪੇਟਾਈਟਸ ਦਿਵਸ ਮੌਕੇ ਜ਼ਿਲਾ ਪੱਧਰੀ ਸੈਮੀਨਾਰ ਲਗਾਇਆ

ਫਾਜ਼ਿਲਕਾ (ਲੋਕ ਬਾਣੀ)-ਸਿਵਲ ਸਰਜਨ ਫਾਜ਼ਿਲਕਾ ਡਾਕਟਰ ਰਾਜ ਕੁਮਾਰ ਦੀ ਉਚੇਚੀ ਨਿਗਰਾਨੀ, ਸਹਾਇਕ ਸਿਵਿਲ ਸਰਜਨ ਡਾਕਟਰ ਰੋਹਿਤ ਗੋਇਲ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾਕਟਰ ਕਵਿਤਾ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਏਰਿਕ,ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਅਰਪਿਤ ਗੁਪਤਾ ਅਤੇ ਜ਼ਿਲ੍ਹਾ ਐਪੀਡਿਮਾਲੋਜਿਸਟ ਡਾਕਟਰ ਸੁਨੀਤਾ ਕੰਬੋਜ ਦੀ ਦੇਖਰੇਖ ਵਿੱਚ ਸੈਕਰਟ ਹਾਰਟ ਕਾਨਵੈਂਟ ਸਕੂਲ ਵਿੱਚ ਵਿਸ਼ਵ ਹੈਪੇਟਾਈਟਸ ਦਿਵਸ ਮੌਕੇ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਡਾਕਟਰ ਸੁਨੀਤਾ ਕੰਬੋਜ ਨੇ ਬੱਚਿਆਂ ਨੂੰ ਦੱਸਿਆ ਕਿ ਹੈਪੇਟਾਈਟਸ ਜਿਗਰ ਦੀ ਸੋਜਸ਼ ਨੂੰ ਦਰਸਾਉਂਦਾ ਹੈ, ਜੋ ਕਿ ਖੂਨ ਵਿੱਚ ਬਿਲੀਰੂਬਿਨ ਦੀ ਵਧੀ ਹੋਈ ਮਾਤਰਾ ਦੇ ਕਾਰਨ ਹੁੰਦਾ ਹੈ। ਇਹ ਵਾਇਰਲ ਇਨਫੈਕਸ਼ਨ, ਸ਼ਰਾਬ, ਕੁਝ ਦਵਾਈਆਂ, ਵਾਇਰਲ ਪਦਾਰਥਾਂ ਦਾ ਸੇਵਨ, ਇੱਕ ਸੰਕਰਮਿਤ ਮਾਂ ਤੋਂ ਉਸਦੇ ਬੱਚੇ ਨੂੰ, ਅਸੁਰੱਖਿਅਤ ਜਿਨਸੀ ਸੰਬੰਧ ਅਤੇ ਆਟੋਇਮਿਊਨ ਵਿਕਾਰ ਸਮੇਤ ਕਈ ਕਾਰਕਾਂ



ਦੇ ਕਾਰਨ ਹੁੰਦਾ ਹੈ। ਹੈਪੇਟਾਈਟਸ ਏ, ਬੀ, ਸੀ, ਡੀ ਅਤੇ ਈ ਜਿਹੇ ਵਾਇਰਸਾਂ ਕਾਰਨ ਹੋਣ ਵਾਲਾ ਵਾਇਰਲ ਹੈਪੇਟਾਈਟਸ ਇੱਕ ਵਿਸ਼ਵਵਿਆਪੀ ਸਿਹਤ ਚਿੰਤਾ ਦਾ ਵਿਸ਼ਾ ਹੈ। ਇਸ ਵਾਰ ਇਹ ਦਿਨ ÷ਹੈਪੇਟਾਈਟਸ: ਆਓ ਇਸ ਨੂੰ ਤੋੜੀਏ÷ ਥੀਮ ਨਾਲ ਮਨਾਇਆ ਜਾ ਰਿਹਾ ਹੈ। ਇਹ ਥੀਮ ਹੈਪੇਟਾਈਟਸ ਖਾਤਮੇ ਅਤੇ ਜਿਗਰ ਦੇ ਕੈਂਸਰ ਦੀ ਰੋਕਥਾਮ ਵਿੱਚ ਆਉਣ ਵਾਲੀ ਵਿੱਤੀ, ਸਮਾਜਿਕ ਅਤੇ ਪ੍ਰਣਾਲੀਗਤ ਰੁਕਾਵਟਾਂ ਨੂੰ ਤੁਰੰਤ ਦੂਰ ਕਰਨ ਦਾ ਸੱਦਾ ਦਿੰਦਾ ਹੈ।

ਉਹਨਾਂ ਦੱਸਿਆ ਕਿ ਹੈਪੇਟਾਈਟਸ ਏ ਬਿਮਾਰੀ ਆਮ ਤੌਰ ’ਤੇ ਦੂਸ਼ਿਤ ਭੋਜਨ ਜਾਂ ਪਾਣੀ ਰਾਹੀਂ ਫੈਲਦੀ ਹੈ ਅਤੇ ਆਮ ਤੌਰ ’ਤੇ ਘੱਟ ਪ੍ਰਭਾਵਸ਼ਾਲੀ ਅਤੇ ਆਪਣੇ ਆਪ ਠੀਕ ਹੋ ਜਾਂਦੀ ਹੈ। ਦੇਸ਼ ਵਿੱਚ ਹੈਪੇਟਾਈਟਸ-ਏ ਦੇ ਮਰੀਜ਼ ਜ਼ਿਆਦਾ ਪਾਏ ਜਾਂਦੇ ਹਨ। ਹੈਪੇਟਾਈਟਸ ਬੀ ਅਤੇ ਸੀ ਸੰਕਰਮਿਤ ਖੂਨ ਦੇ ਸੰਪਰਕ ਅਤੇ ਅਸੁਰੱਖਿਅਤ ਸੰਭੋਗ ਰਾਹੀਂ ਫੈਲਦਾ ਹੈ। ਐੱਚਆਈਵੀ ਮਰੀਜ਼ਾਂ ਨੂੰ ਹੈਪੇਟਾਈਟਸ ਸੀ ਹੋਣ ਦਾ ਵਧੇਰੇ ਖ਼ਤਰਾ ਹੁੰਦਾ ਹੈ। ਹੈਪੇਟਾਈਟਸ ਕਾਰਨ ਸਿਰੋਸਿਸ ਅਤੇ ਜਿਗਰ ਦਾ ਕੈਂਸਰ ਵੀ ਹੋ ਸਕਦਾ ਹੈ। ਬੁਖਾਰ, ਥਕਾਵਟ, ਭੁੱਖ ਨਾ ਲੱਗਣਾ, ਮਤਲੀ, ਉਲਟੀਆਂ, ਪੇਟ ਦਰਦ, ਗੂੜ੍ਹਾ ਪਿਸ਼ਾਬ, ਮਿੱਟੀ ਦੇ ਰੰਗ ਦਾ ਮੱਲ, ਜੋੜਾਂ ਵਿੱਚ ਦਰਦ ਅਤੇ ਪੀਲੀਆ (ਚਮੜੀ ਅਤੇ ਅੱਖਾਂ ਦਾ ਪੀਲਾ ਹੋਣਾ) ਇਸ ਬਿਮਾਰੀ ਦੇ ਲੱਛਣ ਹਨ। ਉਹਨਾਂ ਕਿਹਾ ਕਿ ਇਸ ਬਿਮਾਰੀ ਤੋਂ ਬਚਾਅ ਲਈ ਨਿੱਜੀ ਅਤੇ ਆਲੇ-ਦੁਆਲੇ ਦੀ ਸਫਾਈ ਰੱਖੋ, ਸਿੰਗਲ-ਯੂਜ਼ ਸਰਿੰਜਾਂ ਦੀ ਵਰਤੋਂ ਕਰੋ, ਅਸੁਰੱਖਿਅਤ ਸੰਭੋਗ ਨਾ ਕਰੋ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾ ਕਰੋ। ਮਾਸ ਮੀਡੀਆ ਵਿੰਗ ਵੱਲੋਂ ਡਿਪਟੀ ਮਾਸ ਮੀਡੀਆ ਅਫਸਰ ਮਨਬੀਰ ਸਿੰਘ ਅਤੇ ਬੀਈਈ ਦਿਵੇਸ਼ ਕੁਮਾਰ ਨੇ ਦੱਸਿਆ ਕਿ ਨੈਸ਼ਨਲ ਵਾਇਰਲ ਹੈਪੇਟਾਈਟਸ ਕੰਟਰੋਲ ਪ੍ਰੋਗਰਾਮ (©Ɔ83♦) ਦੇ ਤਹਿਤ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਇਸ ਬਿਮਾਰੀ ਦੀ ਮੁੱਢਲੀ ਜਾਂਚ, ਵਾਇਰਲ ਲੋਡ ਟੈਸਟ ਅਤੇ ਇਲਾਜ ਦੀਆਂ ਸਹੂਲਤਾਂ ਉਪਲਬਧ ਹਨ। ਸਿਹਤ ਵਿਭਾਗ ਵੱਲੋਂ ਨਵਜੰਮੇ ਬੱਚਿਆਂ ਦਾ ਟੀਕਾਕਰਨ ਅਤੇ ਗਰਭਵਤੀ ਔਰਤਾਂ ਦਾ ਟੈਸਟ ਵੀ ਕੀਤਾ ਜਾਂਦਾ ਹੈ। ਇਸ ਮੌਕੇ ਪ੍ਰਿੰਸੀਪਲ ਸਿਸਟਰ ਅੰਜਨਾ ਟੀਚਰ ਅਨੀਤਾ ਸ਼ਰਮਾ ਅਤੇ ਆਸ਼ੀਸ਼ ਕੁਮਾਰ ਬੀਸੀਸੀ ਕੋਆਰਡੀਨੇਟਰ ਸੁਖਦੇਵ ਸਿੰਘ ਅਤਿੰਦਰਪਾਲ ਸਿੰਘ ਮੌਜੂਦ ਸਨ।

# ਕਈ ਵਾਰ ਵਿਗਿਆਨੀ, ਡਾਕਟਰ ਅਤੇ ਵਿਦਿਆਰਥੀ ਪੜ੍ਹਾਈ ਦੌਰਾਨ ਗੁਣਗੁਣਾਉਂਦੇ ਹਨ, ਇਸ ਨਾਲ ਇਕਾਗਰਤਾ ਅਤੇ ਰਚਨਾਤਮਕਤਾ ਵਿਕਸਤ ਹੁੰਦੀ ਹੈ

ਵਿਜੇ ਗਰਗ



ਲੋਕ ਬਾਣੀ ਕੀ ਤੁਸੀਂ ਕੰਮ ਕਰਦੇ ਸਮੇਂ ਕੋਈ ਗਾਣਾ ਜਾਂ ਆਵਾਜ਼ ਗਾਈ ਹੈ? ਤੁਸੀਂ ਜ਼ਰੂਰ ਗਾਈ ਹੋਵੇਗੀ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਗਾਈ ਸਿਰਫ਼ ਇੱਕ ਛੋਟੀ ਜਿਹੀ ਚੀਜ਼ ਨਹੀਂ ਹੈ, ਸਗੋਂ ਇਸ ਗਾਈ ਵਿੱਚ ਜੀਵਨ ਦਾ ਬਹੁਤ ਸਾਰਾ ਸਕਾਰਾਤਮਕ ਤੱਤ ਛੁਪਿਆ ਹੋਇਆ ਹੈ। ਇਹ ਗਾਈ 'ਅੰਦਰੂਨੀ ਧੁਨੀ ਥੈਰੇਪੀ' ਹੈ ਜੋ ਕਿਸੇ ਵਿਅਕਤੀ ਦੇ ਜੀਵਨ ਦੀਆਂ ਟੁੱਟੀਆਂ ਤਾਰਾਂ ਦੀ ਮੁਰੰਮਤ ਕਰਦੀ ਹੈ ਅਤੇ ਉਨ੍ਹਾਂ ਦੇ ਅੰਦਰ ਇੱਕ ਨਵੀਂ ਊਰਜਾ ਅਤੇ ਆਵਾਜ਼ ਭਰਦੀ ਹੈ। ਨਾਦਬ੍ਰਹਮ, ਧਿਆਨ ਵਿੱਚ ਗਾਈ ਊਰਜਾ ਦਾ ਇੱਕ ਅਨੰਤ ਸਰੋਤ ਹੈ। ਇਸ ਸੰਦਰਭ ਵਿੱਚ, ਓਸ਼ੋ ਕਹਿੰਦੇ ਹਨ, 'ਹਾਂ, ਇਹ ਊਰਜਾ ਦਾ ਇੱਕ ਵੱਡਾ ਸਰੋਤ ਹੈ। ਅਸੀਂ ਆਪਣੇ ਜੀਵਨ ਦੇ ਸਰੋਤਾਂ ਨੂੰ ਨਹੀਂ ਜਾਣਦੇ ਅਤੇ ਉਨ੍ਹਾਂ ਸਰੋਤਾਂ ਨਾਲ ਕਿਵੇਂ ਜੁੜਨਾ ਹੈ ਇਹ ਨਹੀਂ ਜਾਣਦੇ।' ਖੋਜ ਦਰਸਾਉਂਦੀ ਹੈ ਕਿ 'ਭੌਂ ਵਾਂਗ ਗਾਈ ਨਾ ਸਿਰਫ਼ ਤਣਾਅ ਘਟਾਉਂਦੀ ਹੈ, ਸਗੋਂ ਇਹ ਮੂਡ ਨੂੰ ਸਕਾਰਾਤਮਕ ਵੀ ਬਣਾਉਂਦੀ ਹੈ। ਸਰੀਰ ਦੇ ਅੰਦਰੋਂ ਜ਼ਹਿਰੀਲੇ ਤੱਤ ਬਾਹਰ ਨਿਕਲਦੇ ਹਨ ਅਤੇ ਪੇਟ ਨਾਲ ਸਬੰਧਤ ਸਮੱਸਿਆਵਾਂ ਵੀ ਠੀਕ ਹੋ ਜਾਂਦੀਆਂ ਹਨ। ਸਵੀਡਿਸ਼ ਵਿਗਿਆਨੀਆਂ ਨੇ ਆਪਣੀ ਇੱਕ ਖੋਜ ਵਿੱਚ ਇਹ ਵੀ ਪਾਇਆ ਕਿ 'ਗਾਈ ਦਿਮਾਗ ਵਿੱਚ ਆਕਸੀਜਨ ਦੀ ਮਾਤਰਾ ਨੂੰ ਸੁਧਾਰਦੀ ਹੈ।'

ਜਦੋਂ ਸਾਡਾ ਸਰੀਰ ਮਾਨਸਿਕ ਤੌਰ 'ਤੇ ਇੱਕ ਧੁਨੀ ਗੁਣਗੁਣਾਉਂਦਾ ਹੈ, ਤਾਂ ਸਰੀਰ ਅਤੇ ਮਨ ਦੀਆਂ ਵਾਈਬ੍ਰੇਸ਼ਨਾਂ ਇੱਕਸੁਰਤਾ ਵਿੱਚ ਆ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਟਕਰਾਅ ਖਤਮ ਹੋ ਜਾਂਦਾ ਹੈ। ਇਸ ਟਕਰਾਅ ਨੂੰ ਖਤਮ ਕਰਨ ਨਾਲ, ਊਰਜਾ ਦੇ ਨੁਕਸਾਨ ਤੋਂ ਬਚਿਆ ਜਾਂਦਾ ਹੈ। ਮਨ ਸ਼ਾਂਤੀ ਮਹਿਸੂਸ ਕਰਦਾ ਹੈ। ਗੁਣਗੁਣਾਉਣਾ ਸਾਡੇ ਦਿਮਾਗ ਦੀ ਵੈਗਸ ਨਰਵ ਨੂੰ ਉਤੇਜਿਤ ਕਰਦਾ ਹੈ, ਜੋ ਕਿ ਪੈਰਾਸਿਮਪੈਥੀਟਿਕ ਪ੍ਰਣਾਲੀ ਨਾਲ ਜੁੜਿਆ ਹੋਇਆ ਹੈ। ਇਹ ਤਣਾਅ ਘਟਾਉਂਦਾ ਹੈ ਅਤੇ ਮਾਨਸਿਕ ਸਪਸ਼ਟਤਾ ਨੂੰ ਵਧਾਉਂਦਾ ਹੈ। ਇਹ ਸੇਰੋਟੋਨਿਨ ਅਤੇ ਡੋਪਾਮਾਈਨ ਵਰਗੇ ਲਾਭਦਾਇਕ ਨਿਊਰੋ ਹਾਰਮੋਨਾਂ ਦੇ ??????? ਨੂੰ ਵਧਾਉਂਦਾ ਹੈ। ਇਹਨਾਂ ਦੋਵਾਂ ਹਾਰਮੋਨਾਂ ਨੂੰ ਖੁਸ਼ੀ-ਪ੍ਰੇਰਿਤ ਕਰਨ ਵਾਲਾ ਮੰਨਿਆ ਜਾਂਦਾ ਹੈ। ਇਹਨਾਂ ਦਾ ਉਤਪਾਦਨ ਵਿਅਕਤੀ ਨੂੰ ਖੁਸ਼ ਅਤੇ ਸੰਤੁਸ਼ਟ ਮਹਿਸੂਸ ਕਰਵਾਉਂਦਾ ਹੈ। ਗੁਣਗੁਣਾਉਣਾ ਸੰਗੀਤ ਦਾ ਇੱਕ ਹਿੱਸਾ ਹੈ। ਭਾਰਤੀ ਸੰਗੀਤ ਅਤੇ ਇਸਦੇ ਰਾਗਾਂ ਵਿੱਚ ਬਿਮਾਰੀਆਂ ਨੂੰ ਠੀਕ ਕਰਨ ਦੀ ਅਦਭੁਤ ਸ਼ਕਤੀ ਹੈ।

ਪੁਰਾਣੇ ਸਮੇਂ ਵਿੱਚ, ਜਦੋਂ ਰਾਜੇ ਅਤੇ ਬਾਦਸ਼ਾਹ ਯੁੱਧ ਤੋਂ ਵਾਪਸ ਆਉਂਦੇ ਸਨ, ਤਾਂ ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਥੱਕੇ ਹੋਏ ਹੁੰਦੇ ਸਨ। ਅਜਿਹੀ ਸਥਿਤੀ ਵਿੱਚ, ਉਹ ਸੰਗੀਤਕਾਰਾਂ ਨੂੰ ਸ਼ਾਹੀ ਦਰਬਾਰ ਵਿੱਚ ਬੁਲਾਉਂਦੇ ਸਨ ਅਤੇ ਉਨ੍ਹਾਂ ਦੇ ਰਾਗ ਸੁਣਦੇ ਸਨ। ਕਈ ਵਾਰ ਉਹ ਗਾਇਕ ਦੇ ਨਾਲ-ਨਾਲ ਗੁਣਗੁਣਾਉਂਦੇ ਸਨ। ਇਸ ਗੁਣਗੁਣਾਉਣ ਨਾਲ ਉਨ੍ਹਾਂ ਦੀ ਥਕਾਵਟ ਅਤੇ ਚਿੰਤਾਵਾਂ ਦੂਰ ਹੋ ਜਾਂਦੀਆਂ ਸਨ ਅਤੇ ਉਹ ਦੁਬਾਰਾ ਤਾਜ਼ਗੀ ਮਹਿਸੂਸ ਕਰਦੇ ਸਨ। ਆਪਣੇ ਆਪ ਵਿੱਚ ਊਰਜਾ ਅਤੇ ਜੋਸ਼ ਭਰ ਕੇ, ਉਹ ਸ਼ਾਹੀ ਮਾਮਲਿਆਂ ਨੂੰ ਸੰਭਾਲਦੇ ਸਨ ਅਤੇ ਗੁਣਗੁਣਾਉਣ ਨਾਲ, ਉਹ ਲੋਕਾਂ ਦੇ ਦੁੱਖ ਦੂਰ ਕਰਦੇ ਸਨ। ਅਕਬਰ ਦੇ ਦਰਬਾਰ ਦੇ ਨੌਂ ਰਤਨਾਂ ਵਿੱਚੋਂ ਇੱਕ, ਤਾਨਸੇਨ ਨੂੰ ਸੰਗੀਤ ਵਿੱਚ ਉੱਚ ਪੱਧਰ ਦੀ ਮੁਹਾਰਤ ਸੀ। ਇੱਕ ਦੰਤਕਥਾ ਇਹ ਵੀ ਹੈ ਕਿ ਜਦੋਂ ਉਹ ਰਾਗ ਦੀਪਕ ਗਾਉਂਦਾ ਸੀ, ਤਾਂ ਇਸਦੀ ਗਰਮੀ ਨਾਲ ਦੀਵੇ ਜਗਦੇ ਸਨ। ਇਸੇ ਤਰ੍ਹਾਂ, ਮੇਘ ਮਲਹਾਰ ਗਾਉਣ ਨਾਲ, ਭਾਰੀ ਮੀਂਹ ਪੈਂਦਾ ਸੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸੰਗੀਤ ਅਤੇ ਗੁਣਗੁਣਾਉਣ ਵਿੱਚ ਅਥਾਹ ਸ਼ਕਤੀ ਹੈ। ਇਸ ਸ਼ਕਤੀ ਨਾਲ, ਨਾ ਸਿਰਫ਼ ਮਨੁੱਖ, ਸਗੋਂ ਧਰਤੀ ਅਤੇ ਕੁਦਰਤ ਵੀ ਨੱਚਣ ਲੱਗ ਪੈਂਦੀ ਹੈ।



ਮਨੋਰੋਗ ਵਿਗਿਆਨੀਆਂ ਦਾ ਮੰਨਣਾ ਹੈ ਕਿ ਰਾਗਾਂ ਵਿੱਚ ਜਾਦੂਈ ਸ਼ਕਤੀ ਹੁੰਦੀ ਹੈ ਜੋ ਵਿਅਕਤੀ ਦੇ ਸਰੀਰ ਅਤੇ ਮਨ ਦੇ ਰੋਗਾਂ ਨੂੰ ਠੀਕ ਕਰ ਸਕਦੀ ਹੈ। ਸੰਗੀਤ ਅਤੇ ਗੁਣਗੁਣਾਉਣ ਨੂੰ ਡਾਕਟਰੀ ਪ੍ਰਣਾਲੀ ਵਿੱਚ ਸ਼ਾਮਲ ਕਰਕੇ ਮਰੀਜ਼ ਠੀਕ ਹੁੰਦੇ ਹਨ। ਕਿਹਾ ਜਾਂਦਾ ਹੈ ਕਿ ਟੋਡੀ, ਭੂਪਾਲੀ, ਅਹੀਰ ਭੈਰਵ ਰਾਗ ਜ਼ੁਕਾਮ, ਸਿਰ ਦਰਦ ਅਤੇ ਹਾਈ ਬਲੱਡ ਪ੍ਰੈਸ਼ਰ ਤੋਂ ਰਾਹਤ ਦਿੰਦੇ ਹਨ। ਸ਼ਿਵਰੰਜਨੀ ਰਾਗ ਸੁਣਨ ਨਾਲ ਯਾਦਦਾਸ਼ਤ ਤੇਜ਼ ਹੁੰਦੀ ਹੈ ਅਤੇ ਯਾਦਦਾਸ਼ਤ ਦੀ ਘਾਟ ਦੀ ਸਮੱਸਿਆ ਦੂਰ ਹੁੰਦੀ ਹੈ। ਰਾਗ ਭੈਰਵੀ ਜ਼ੁਕਾਮ, ਖੰਘ ਅਤੇ ਦੰਦਾਂ ਦੇ ਦਰਦ ਤੋਂ ਰਾਹਤ ਪ੍ਰਦਾਨ ਕਰਦਾ ਹੈ। ਚੰਦਰਕੌਣ ਦਾ ਰਾਗ ਦਿਲ ਦੀ ਬਿਮਾਰੀ ਅਤੇ ਸ਼ੂਗਰ ਲਈ ਇਲਾਜਯੋਗ ਹੈ। ਰਾਗ ਦਰਬਾਰੀ ਤਣਾਅ ਤੋਂ ਰਾਹਤ ਦਿੰਦਾ ਹੈ। ਰਾਗ ਬਿਹਾਗ ਅਤੇ ਬਹਾਰ ਡੂੰਘੀ ਮਿੱਠੀ ਨੀਂਦ ਲਈ ਫਾਇਦੇਮੰਦ ਹਨ। ਜਦੋਂ ਬੱਚਾ ਛੋਟਾ ਹੁੰਦਾ ਹੈ, ਤਾਂ ਮਾਂ ਬੱਚੇ ਨੂੰ ਲੋਰੀ ਗਾਉਂਦੀ ਹੈ। ਲੋਰੀ ਗਾਉਂਦੇ ਸਮੇਂ, ਉਹ ਕਈ ਵਾਰ ਗੁਣਗੁਣਾਉਂਦੀ ਵੀ ਹੈ। ਇਹ ਗੁਣਗੁਣਾਉਣ ਨਾਲ ਮਾਂ ਅਤੇ ਬੱਚੇ ਨੂੰ ਨਾ ਸਿਰਫ਼ ਮਾਨਸਿਕ ਸ਼ਾਂਤੀ ਮਿਲਦੀ ਹੈ, ਸਗੋਂ ਉਨ੍ਹਾਂ ਦੇ ਆਪਸੀ ਬੰਧਨ ਨੂੰ ਵੀ ਮਜ਼ਬੂਤੀ ਮਿਲਦੀ ਹੈ।

ਗਾਇਕਾਂ ਦਾ ਮੰਨਣਾ ਸੀ ਕਿ ਗੁਣਗੁਣਾਉਣ ਨਾਲ ਨਾ ਸਿਰਫ਼ ਉਨ੍ਹਾਂ ਦਾ ਸੰਗੀਤ ਵਧਦਾ ਹੈ ਸਗੋਂ ਉਨ੍ਹਾਂ ਦੇ ਮਾਨਸਿਕ ਤਣਾਅ ਤੋਂ ਵੀ ਰਾਹਤ ਮਿਲਦੀ ਹੈ। ਮਸ਼ਹੂਰ ਗਾਇਕਾ ਲਤਾ ਮੰਗੇਸ਼ਕਰ ਨੇ ਇੱਕ ਇੰਟਰਵਿਊ ਵਿੱਚ ਕਿਹਾ, 'ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ, ਮੈਂ ਆਪਣੇ ਮਨ ਵਿੱਚ ਕੁਝ ਰਚਨਾਵਾਂ ਗੁਣਗੁਣਾਉਂਦੀ ਰਹਿੰਦੀ ਹਾਂ। ਕਦੇ ਮੈਂ ਕਿਸੇ ਸੁਰ ਨੂੰ ਠੀਕ ਕਰ ਰਹੀ ਹੁੰਦੀ ਹਾਂ, ਕਦੇ ਮੈਂ ਅੰਦਰ ਕੁਝ ਭਾਵਨਾਵਾਂ ਮਹਿਸੂਸ ਕਰ ਰਹੀ ਹੁੰਦੀ ਹਾਂ। ਇਹ ਗੁਣਗੁਣਾਉਣਾ ਹੀ ਮੇਰੀ ਆਤਮਾ ਨੂੰ ਸ਼ਾਂਤ ਰੱਖਦਾ ਹੈ।'

ਗੁਣਗੁਣਾਉਣ ਨਾਲ ਇਕਾਗਰਤਾ ਅਤੇ ਰਚਨਾਤਮਕਤਾ ਵਿਕਸਤ ਹੁੰਦੀ ਹੈ। ਇਸੇ ਲਈ ਕਈ ਵਾਰ ਵਿਗਿਆਨੀ, ਡਾਕਟਰ, ਵਿਦਿਆਰਥੀ ਪੜ੍ਹਾਈ ਦੌਰਾਨ ਗੁਣਗੁਣਾਉਂਦੇ ਹਨ। ਗੁਣਗੁਣਾਉਣ ਨਾਲ ਵਿਅਕਤੀ ਆਪਣੇ ਆਪ ਨਾਲ ਜੁੜਨ ਵਿੱਚ ਮਦਦ ਮਿਲਦੀ ਹੈ ਕਿਉਂਕਿ ਉਸ ਸਮੇਂ ਉਸਦਾ ਪੂਰਾ ਧਿਆਨ ਗੁਣਗੁਣਾਉਣ ਦੀ ਆਵਾਜ਼ 'ਤੇ ਹੁੰਦਾ ਹੈ। ਯੋਗਾ ਵਿੱਚ ਭਰਮਾਰੀ ਪ੍ਰਾਣਾਯਾਮ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਸ ਵਿੱਚ ਧੁਨੀ ਅਤੇ ਗੁਣਗੁਣਾਉਣ ਦਾ ਵਿਸ਼ੇਸ਼ ਮਹੱਤਵ ਹੈ। ਇਸ ਧੁਨੀ ਅਤੇ ਵਾਈਬ੍ਰੇਸ਼ਨ ਦਾ ਸਰੀਰ ਅਤੇ ਦਿਮਾਗ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਧੁਨੀ ਕੰਪਨ ਪਾਈਨਲ ਗਲੈਂਡ ਅਤੇ ਹਾਈਪੋਥੈਲਮਸ ਨੂੰ ਸ਼ਾਂਤੀ ਪ੍ਰਦਾਨ ਕਰਦੇ ਹਨ। ਗੁਣਗੁਣਾਉਣ ਨਾਲ ਵਿਅਕਤੀ ਦੀਆਂ ਵੋਕਲ ਕੋਰਡਜ਼ ਵੀ ਮਜ਼ਬੂਤ ਹੁੰਦੀਆਂ ਹਨ। ਇਸ ਤਰ੍ਹਾਂ ਗੁਣਗੁਣਾਉਣਾ ਅਤੇ ਰਾਗਾਂ ਨੂੰ ਸੁਣਨਾ ਬਹੁਤ ਲਾਭਦਾਇਕ ਦਵਾਈਆਂ ਹਨ।

**ਵਿਜੇ ਗਰਗ ਸੇਵਾਮੁਕਤ ਪ੍ਰਿੰਸੀਪਲ, ਵਿਦਿਅਕ ਕਾਲਮਨਵੀਸ, ਉੱਘੀ ਸਿੱਖਿਆ ਸ਼ਾਸਤਰੀ, ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ**